

# ਸਿਕਓਰਿਟੀਜ਼ ਮਾਰਕੀਟ

## (ਇਕ ਪੁਸਤਿਕਾ)

## ਨਿਵੇਸ਼ਕਾਂ ਦੇ ਨਜ਼ਰੀਏ ਤੋਂ ਸਮਝਣ ਲਈ

भारतीय प्रतिभूति और विनिमय बोर्ड
ਭਾਰਤੀ ਸਿਕਓਰਿਟੀਜ਼ ਅਤੇ ਐਕਸਚੇਂਜ ਬੋਰਡ

BSE NSE IPFT NSDL CDSL MSE

# ਵਿਸ਼ੇ ਸੂਚੀ


| ਕ੍ਰਮ | ਵਿਸ਼ਾ | ਪੇਜ ਨੰ. |
|---|---|---|
| 1. | ਜਾਣ ਪਛਾਣ | |
| 2. | ਸੁਰੱਖਿਆ ਬਾਜ਼ਾਰ ਲਈ ਨਿਯੰਤਰਕ ਢਾਂਚਾ | |
| 3. | ਸੁਰੱਖਿਆ ਬਾਜ਼ਾਰ ਕੀ ਹੈ ? | |
| 4. | ਪ੍ਰਾਇਮਰੀ ਬਾਜ਼ਾਰ ਅਤੇ ਗੌਣ ਬਾਜ਼ਾਰ | |
| 5. | ਸੁਰੱਖਿਆ ਬਾਜ਼ਾਰ ਦੀਆਂ ਬੁਨਿਆਦੀ ਢਾਂਚਾ ਸੰਸਥਾਵਾਂ ਅਤੇ ਬਾਜ਼ਾਰ ਵਿਚੋਲੇ ਕੌਣ ਹਨ ? | |
| 6. | ਨਿਵੇਸ਼ ਦੇ ਮੂਲ ਤੱਤ | |
| 7. | ਸੁਰੱਖਿਆ ਬਾਜ਼ਾਰ ਵਿੱਚ ਨਿਵੇਸ਼ ਕਰਨ ਦੇ ਪ੍ਰਮੁੱਖ ਜੋਖ਼ਿਮ | |
| 8. | ਸੁਰੱਖਿਆ ਬਾਜ਼ਾਰ ਵਿੱਚ ਨਿਵੇਸ਼ ਕਰਨ ਲਈ ਪੂਰਵ ਲੋੜੀਂਦੀਆਂ ਚੀਜ਼ਾਂ | |
| 9. | ਬੁਨਿਆਦੀ ਸੇਵਾਵਾਂ ਦਾ ਡੀਮੈਟ ਖਾਤਾ (ਬੀਐਸਡੀਏ) | |
| 10. | ਖਾਤਾ ਖੋਲ੍ਹਣ ਦੀ ਪ੍ਰਕ੍ਰਿਆ : | |

ਆਪਣੇ ਗਾਹਕ ਨੂੰ ਜਾਣੋ (ਕੇਵਾਈਸੀ) ਪ੍ਰਕ੍ਰਿਆ

11. ਮੁਖ਼ਤਾਰਨਾਮਾ (ਪਾਵਰ ਆਫ ਅਟਰਨੀ)

12. ਮਨੋਨੀਤ ਜਾਂ ਨਾਮਜ਼ਦ ਕਰਨਾ

13. ਮੈਂ ਸੁਰੱਖਿਆ ਬਾਜ਼ਾਰ ਵਿੱਚ ਕਿਵੇਂ
ਨਿਵੇਸ਼ ਕਰ ਸਕਦਾ ਹਾਂ ?

14. ਪ੍ਰਾਇਮਰੀ ਬਾਜ਼ਾਰ ਰਾਹੀਂ ਨਿਵੇਸ਼ ਕਰਨਾ

15. ਪ੍ਰਾਇਮਰੀ ਬਾਜ਼ਾਰ ਵਿੱਚ ਨਿਵੇਸ਼
ਕਰਨ ਦੀ ਪ੍ਰਕ੍ਰਿਆ

16. ਰੋਕੀ ਗਈ ਰਕਮ ਦੇ ਸਮਰਥਨ ਲਈ ਆਵੇਦਨ

17. ਗੌਣ ਬਾਜ਼ਾਰ ਰਾਹੀਂ ਨਿਵੇਸ਼

18. ਵਪਾਰਕ ਦਿਨ ਅਤੇ ਟਰੇਡਿੰਗ ਤੇ ਨਿਰਧਾਰਨ/ ਭੁਗਤਾਨ ਚੱਕਰ

19. ਇਕਰਾਰਨਾਮਾ

20. ਚਲੰਤ ਖਾਤੇ ਸੰਬੰਧੀ ਅਧਿਕਾਰ

21. ਵਪਾਰਕ (ਟਰੇਡ) ਪੜਚੋਲ

22. ਮੁਨਾਫ਼ੇ ਤੋਂ ਕੀ ਭਾਵ ਹੈ ?

23. ਸਟਾਕ ਦਲਾਲ (ਬਰੋਕਰ) ਅਤੇ
ਡਿਪਾਜ਼ਿਟਰੀਹਿੱਸੇਦਾਰਾਂ ਵਲੋਂ ਦਿੱਤਾ ਗਿਆ ਵਿਵਰਣ

24. ਸੰਯੁਕਤ ਖਾਤਾ ਵਿਵਰਣ (ਸੀਏਐਸ)

25. ਡੈਰੀਵੇਟਿਵੇਜ਼ ਬਾਜ਼ਾਰ (ਮਾਰਕੀਟ)

26. ਮਿਉਚੁਅਲ ਫੰਡ

27. ਐਕਸਚੇਂਜ ਟਰੇਡਿਡ ਫੰਡ (ਈਟੀਐਫ)

28. ਸੁਰੱਖਿਆ ਬਾਜ਼ਾਰ ਵਿੱਚ ਸ਼ਿਕਾਇਤਾਂ ਦਾ ਨਿਪਟਾਰਾ,
ਸੇਬੀ ਸਕੋਰਸ (SEBI SCORES), ਸਾਲਸੀ /ਵਿਚੋਲਾ ਵਿਧੀ
ਗ਼ਬਨ ਕੀਤੇ ਗਈ ਰਕਮ ਦਾ ਦਾਵਾ ਕਰਨਾ (ਡਿਫਾਲਿਟਰ ਕਲੇਮ)
29. ਸਟਾਕ ਐਕਸਚੇਂਜ ਦਾ ਨਿਵੇਸ਼ਕ ਸੇਵਾ ਸੈਲ
30. ਸਾਲਸੀਵਿਧੀ (ਆਰਬੀਟਰੇਸ਼ਨ)
31. ਲਾਵਾਰਿਸ / ਅਦਾਇਗੀਰਕਮ ਬਾਰੇ ਜਾਣਕਾਰੀ
(ਆਈਈਪੀਐਫ)
32. ਸੁਰੱਖਿਆ ਬਾਜ਼ਾਰ ਵਿੱਚ ਨਿਵੇਸ਼ / ਟਰੇਡਿੰਗ ਲਈ
ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ
ਅਨੁਬੰਧ-1
33. ਅਨੁਬੰਧ-2. ਨਿਵੇਸ਼ਕਾਂ ਦੇ ਅਧਿਕਾਰ ਤੇ ਫਰਜ਼
34. ਅਨੁਬੰਧ- 3. ਅਣਰਜਿਸਟਡ ਨਿਵੇਸ਼ ਸਲਾਹਕਾਰਾਂ ਤੋਂ
ਸਾਵਧਾਨ ਰਹਿਣ ਦੀ ਤਾਕੀਦ
35. ਅਨੁਬੰਧ-4. ਏ. ਐਸ.ਬੀ. ਏ. ਵਿੱਚ ਸੰਗਠਿਤ ਭੁਗਤਾਨ ਇੰਟਰਫੇਸ
(ਯੂਪੀਆਈ)
36. ਅਨੁਬੰਧ 4. ਸ਼ਬਦਾਵਲੀ

**ਭਾਰਤੀ ਸਿਕਓਰਿਟੀਜ਼ ਅਤੇ ਐਕਸਚੇਂਜ ਬੋਰਡ ਵਲੋਂ ਜਾਰੀ**

**(ਸੇਬੀ, ਬੀਐਸਈ, ਐਨਐਸਈ, ਐਨਐਸਡੀਐਲ, ਸੀਡੀਐਸਐਲ ਵਲੋਂ ਜਾਰੀ**

**ਸੰਸਥਾਵਾਂ ਦੇ ਲੋਗੋ ਹੇਠਾਂ ਦਿੱਤੇ ਗਏ ਹਨ।)**

ਮੁਫ਼ਤ ਪ੍ਰਚਾਰ ਲਈ

ਸਤਿ ਸ੍ਰੀ ਅਕਾਲ

ਕੀ ਤੁਸੀਂ ਸੁਰੱਖਿਆ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ) ਵਿਚਲੀਆਂ ਕੰਪਨੀਆਂ ਦੇ ਸ਼ੇਅਰਾਂ ਅਤੇ ਮਿਉਚੁਅਲ ਫੰਡ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹੋ ? ਜੇ ਇਸ ਤਰ੍ਹਾਂ ਹੈ ਤਾਂ, ਤੁਹਾਨੂੰ ਸੁਰੱਖਿਆ ਬਾਜ਼ਾਰ ਵਿੱਚ ਨਿਵੇਸ਼ ਕਰਨ ਦੇ ਬੁਨਿਆਦੀ ਤੱਤਾਂ ਨੂੰ ਸਮਝ ਲੈਣਾ ਚਾਹੀਦਾ ਹੈ।

ਇਹ ਪੁਸਤਿਕਾ ਜਾਂ ਕਿਤਾਬਚਾ ਕਿਸੇ ਵਿਸ਼ੇਸ਼ ਨਿਵੇਸ਼ ਲਈ ਗਾਈਡ ਕਰਨ ਸੰਬੰਧੀ ਨਹੀਂ ਹੈ, ਪਰ ਇਹ ਤੁਹਾਨੂੰ ਸੁਰੱਖਿਆ ਬਾਜ਼ਾਰ ਦੀ ਮੂਲ ਜਾਣਕਾਰੀ ਦੇ ਸਕਦੀ ਹੈ। ਇਹ ਕਿਤਾਬਚਾ ਭਾਰਤੀ ਰਿਜ਼ਰਵ ਬੈਂਕ, (ਆਰਬੀਆਈ), ਭਾਰਤੀ ਬੀਮਾ ਨਿਯੰਤਰਣ ਅਤੇ ਵਿਕਾਸ ਪ੍ਰਾਧਿਕਰਣ (ਆਈਆਰਡੀਏਆਈ), ਪੈਂਸ਼ਨ ਫੰਡ ਨਿਯੰਤਰਕ ਅਤੇ ਵਿਕਾਸ ਪ੍ਰਾਧਿਕਰਣ (ਪੀਐਫਆਰਡੀਏ), ਕਾਰਪੋਰੇਟ ਮਾਮਲਿਆਂ ਦਾ ਮੰਤ੍ਰਲਾਏ (ਐਮਸੀਏ) ਆਦਿ ਜਿਹੀਆਂ ਨਿਯੰਤਰਕ ਸੰਸਥਾਵਾਂ ਅਧੀਨ ਨਿਵੇਸ਼ ਕਰਨ ਸੰਬੰਧੀ ਨਹੀਂ ਹੈ।

## ਸੁਰੱਖਿਆ ਬਾਜ਼ਾਰਾਂ ਦਾ ਨਿਯੰਤਰਕ (ਰੈਗੂਲੇਟਰੀ) ਢਾਂਚਾ

ਸੁਰੱਖਿਆ ਬਾਜ਼ਾਰਾਂ ਅਧੀਨਸਿਕਓਰਿਟੀਜ਼ ਨੂੰ ਜਿਵੇਂ ਕੰਪਨੀ ਦੇ ਸ਼ੇਅਰਾਂ ਦੀ ਖਰੀਦ, ਫ਼ਰੋਖ਼ਤ ਅਤੇ ਭੁਗਤਾਨ ਦੇ ਨਿਯਮ, ਮਿਉਚੁਅਲ ਫੰਡ ਦੇ ਯੂਨਿਟ, ਡੈਰਿਵੇਟਿਵੇਜ਼ ਆਦਿ ਅਤੇ ਭਾਰਤੀ ਸਿਕਓਰਿਟੀਜ਼ ਅਤੇ ਐਕਸਚੇਂਜ ਬੋਰਡ (ਸੇਬੀ) ਦੇ ਦਾਇਰੇ ਅਧੀਨ

ਆਉਂਦੇ ਸਟਾਕ ਐਕਸਚੇਂਜ, ਜੋ 1992 ਦੇ ਸੇਬੀ ਐਕਟਅਧੀਨ ਅਤੇ ਵਿਭਿੰਨ ਸੇਬੀ ਨਿਯਮ/ ਸਰਕੂਲਰ/ ਦਿਸ਼ਾਨਿਰਦੇਸ਼ਾਂ/ ਆਦੇਸ਼ਾਂ ਦੀ ਜਾਣਕਾਰੀ ਦੇਣ ਸੰਬੰਧੀ ਹੈ।

ਸੇਬੀ ਦੀ ਸਥਾਪਨਾ 12 ਅਪਰੈਲ, 1992 ਨੂੰ ਸੇਬੀ ਐਕਟ ਅਧੀਨ ਕੀਤੀ ਗਈ। ਸੇਬੀ ਦਾ ਮੁੱਖ ਕੰਮ, ਨਿਵੇਸ਼ਕਾਂ ਵਲੋਂ ਸਿਕਓਰਿਟੀਜ਼ ਵਿੱਚ ਕੀਤੇ ਗਏ ਨਿਵੇਸ਼ ਦਾ ਬਚਾਓ/ ਸੁਰੱਖਿਆ ਅਤੇ ਵਿਕਾਸ ਕਰਨਾ ਹੈ। ਇਸ ਦੇ ਨਾਲ ਹੀ ਸੁਰੱਖਿਆ ਬਾਜ਼ਾਰ ਨੂੰ ਨਿਯਮਿਤ ਕਰਨ ਲਈ ਅਤੇ ਇਸ ਨਾਲ ਜੁੜੇ ਮਾਮਲਿਆਂ ਜਾਂ ਇਤਫਾਕਿਆ ਆ ਜੁੜੇ ਮਾਮਲਿਆਂ ਨੂੰ ਦੇਖਣਾ ਹੈ।

ਅਜੋਕੇ ਸਮੇਂ ਵਿੱਚ, ਸਿਕਓਰਿਟੀਜ਼ ਬਾਜ਼ਾਰ ਹੇਠਾਂ ਵਰਣਿਤ 4 ਪ੍ਰਮੁੱਖ ਕਾਨੂਨਾਂ ਰਾਹੀਂ ਨਿਯੰਤਰਣ ਕਰਦਾਹੈ,:

1. **ਸੇਬੀ ਐਕਟ,** 1992ਅਧੀਨ ਸੇਬੀ ਨੂੰ ਕਾਨੂੰਨੀ ਸ਼ਕਤੀ ਦਿੱਤੀ ਗਈ ਹੈ : (1) ਸਿਕਓਰਿਟੀਜ਼ ਵਿੱਚ ਨਿਵੇਸ਼ਕਾਂ ਦੇ ਹਿੱਤਾਂ ਦੀ ਰਾਖੀ ਕਰਨਾ, (2) ਸੁਰੱਖਿਆ ਬਾਜ਼ਾਰ ਦੇ ਵਿਕਾਸ ਨੂੰ ਵਧਾਵਾ ਦੇਣਾਅਤੇ (3) ਸੁਰੱਖਿਆ ਬਾਜ਼ਾਰ ਨੂੰ ਨਿਯਮਿਤ ਕਰਨਾ।

2. **ਕੰਪਨੀ ਐਕਟ,** 2013 ਅਧੀਨ ਸਿਕਓਰਿਟੀਜ਼ ਨੂੰ ਜਾਰੀ ਰੱਖਣ, ਨਿਰਧਾਰਨ ਅਤੇ ਟਰਾਂਸਫਰ ਨੂੰ ਨਿਯਮਿਤ ਕਰਨਾ ਅਤੇ ਸਿਕਓਰਿਟੀਜ਼ ਦੇ ਜਨਤਕ ਮੁੱਦਿਆਂ ਨਾਲ ਸੰਬੰਧਤ ਮਾਮਲਿਆਂ ਉਤੇ ਨਿਯੰਤਰਣ ਰੱਖਣਾ।

3. **ਸਿਕਓਰਿਟੀਜ਼ ਇਕਰਾਰਨਾਮਾ (ਪ੍ਰਬੰਧਨ) ਐਕਟ**, 1956, ਸਟਾਕ ਐਕਸਚੇਂਜ ਵਿੱਚ ਸਿਕਓਰਿਟੀਜ਼ ਨੂੰ ਮਾਨਤਾ ਪ੍ਰਦਾਨ ਕਰਨ ਅਤੇ ਸੌਦੇ (ਟਰਾਂਜੇਕਸ਼ਨ) ਉਤੇ ਨਿਯੰਤਰਣ ਪ੍ਰਦਾਨ ਕਰਦਾ ਹੈ।

4.**ਡਿਪਾਜ਼ਟਰੀਆਂ ਐਕਟ,** 1996ਦੇ ਅੰਤਰਗਤ, ਅਪ੍ਰਤੱਖ ਡੀਮੈਟ ਸ਼ੇਅਰਾਂ ਦੀ ਮਾਲਕੀਅਤ ਦੀ ਇਲੈਕਟ੍ਰਾਨਿਕ ਸੰਭਾਲ ਅਤੇ ਟਰਾਂਸਫਰ ਕਰਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ।

**ਕੀ ?**

**ਪ੍ਰਤੀਭੂਤੀਆਂ (ਸਿਕਓਰਿਟੀਜ਼) ਅਤੇ ਸੁਰੱਖਿਆ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ) ਤੋਂ ਕੀ ਭਾਵ ਹੈ ?**

ਪ੍ਰਤੀਭੂਤੀਆਂ / ਸਿਕਓਰਿਟੀਜ਼ ਉਹ ਵਿੱਤੀ ਸੰਸਾਧਨ ਹਨ, ਜੋ ਕੰਪਨੀਆਂ ਅਤੇ ਸੰਸਥਾਵਾਂ ਆਦਿ ਵਲੋਂ ਜਾਰੀ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਦਾ ਆਰਥਕ ਮੁੱਲ ਹੁੰਦਾ ਹੈ।ਇਨ੍ਹਾਂ ਸਿਕਓਰਿਟੀਜ਼ ਨੂੰ ਮੋਟੇ ਤੌਰ ਉਤੇ ਹੇਠਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ :

1. **ਸਾਧਾਰਣ (ਇਕੁਇਟੀ) ਸ਼ੇਅਰ** : ਜਿਸ ਨੂੰ ਆਮ ਤੌਰ ਉਤੇ ਸ਼ੇਅਰ ਕਿਹਾ ਜਾਂਦਾ ਹੈ, ਜੋ ਕੰਪਨੀ ਵਿੱਚ ਸ਼ੇਅਰ ਰਾਹੀਂ ਮਾਲਕੀ ਪ੍ਰਦਾਨ ਕਰਦਾ ਹੈ। ਜੋ ਨਿਵੇਸ਼ਕ / ਵਿਅਕਤੀ ਕਿਸੇ ਕੰਪਨੀ ਦੇ ਸ਼ੇਅਰ ਖਰੀਦਦਾ ਹੈ, ਉਸ ਨੂੰ ਸ਼ੇਅਰਹੋਲਡਰ ਜਾਂ ਹਿੱਸੇਦਾਰ ਕਿਹਾ ਜਾਂਦਾ ਹੈ।ਇਸ ਨਾਤੇ ਉਹ ਸਾਰੇ ਕਾਰਪੋਰੇਟ ਲਾਭ ਜਿਵੇਂ : ਕੰਪਨੀ ਦੇ ਮੁਨਾਫ਼ੇ ਦੇ ਲਾਭਅੰਸ਼ਾਂ ਦਾ ਹੱਕਦਾਰ ਬਣਦਾ ਹੈ।ਨਿਵੇਸ਼ਕ ਨੂੰ ਕੰਪਨੀ ਦੀ ਆਮ ਮੀਟਿੰਗ ਵਿੱਚ ਕਿਸੇ ਨਿਰਣੇ ਸੰਬੰਧੀ ਪ੍ਰਕ੍ਰਿਆ ਵਿੱਚ ਆਪਣਾ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ।

2. **ਕਰਜ਼ ਪ੍ਰਤੀਭੂਤੀਆਂ (ਡੇਬਿਟ ਸਿਕਓਰਿਟੀਜ਼**) ਤੋਂ ਭਾਵ ਉਹ ਧਨ, ਜਿਸ ਨੂੰ ਇਕ ਨਿਵੇਸ਼ਕਕਿਸੇ ਕੰਪਨੀ ਜਾਂ ਸੰਸਥਾ ਤੋਂ ਪ੍ਰਾਪਤ ਕਰਦਾ ਹੈ ਅਤੇ ਨਿਵੇਸ਼ਕ ਨੂੰ ਉਸ ਦਾ ਭੁਗਤਾਨ ਕਰਨਾ ਅਤਿ ਜ਼ਰੂਰੀ ਹੁੰਦਾ ਹੈ।ਡੇਬਿਟ ਸਿਕਓਰਿਟੀਜ਼ ਨੂੰ ਕਰਜ਼-ਪੱਤਰ ਜਾਂ ਬਾਂਡ ਵੀ ਕਿਹਾ ਜਾਂਦਾ ਹੈ।ਜੋ ਨਿਵੇਸ਼ਕ ਡੇਬਿਟ ਸਿਕਓਰਿਟੀਜ਼ ਵਿੱਚ ਨਿਵੇਸ਼ ਕਰਦਾ ਹੈ, ਉਸ ਨੂੰ ਇਸ ਰਕਮ ਉਤੇ ਵਿਆਜ ਅਤੇ ਮੂਲ ਧਨ ਉਤੇ (ਜੋ ਧਨ ਨਿਵੇਸ਼ ਕੀਤਾ ਗਿਆ ਹੋਵੇ) ਮੁੜ ਅਦਾਇਗੀ ਪ੍ਰਾਪਤ ਹੁੰਦੀ ਹੈ। ਡੇਬਿਟ ਸਿਕਓਰਿਟੀਜ਼ ਇਕ ਨਿਸ਼ਚਿਤ ਮਿਆਦ ਵਾਸਤੇ ਜਾਰੀ ਕੀਤੀ ਜਾਂਦੀ ਹੈ।ਇਨ੍ਹਾਂ ਸਿਕਓਰਿਟੀਜ਼ ਦੀ ਮਿਆਦ ਦੇ ਅੰਤ ਵੇਲੇ ਇਨ੍ਹਾਂ ਨੂੰ ਖੱਤਮ ਕੀਤਾ ਜਾ ਸਕਦਾ ਹੈ। ਕਰਜ਼ ਪ੍ਰਤੀਭੂਤੀਆਂ (ਜਮਾਂਦਰੂ ਸਹਾਇਤਾ ਰਾਹੀਂ) ਸੁਰੱਖਿਅਤ ਜਾਂ ਅਸੁਰੱਖਿਅਤ ਹੋ ਸਕਦੀਆਂ ਹਨ।

3. **ਡੈਰੀਵੇਟਿਵੇਜ਼**ਅਜਿਹਾ ਵਿੱਤੀ ਯੰਤਰ ਹੈ, ਜਿਸ ਦੀ ਕੀਮਤ ਦੂਜੀ ਸੰਪਤੀ (ਐਸੇਟ) ਜਿਵੇਂ ਸ਼ੇਅਰਾਂ, ਕਰਜ਼ ਪੱਤਰਾਂ ਆਦਿ ਉਤੇ ਨਿਰਭਰ ਕਰਦੀ ਹੈ।ਡੈਰੀਵੇਟਿਵੇਜ਼ ਦੀਆਂ ਮੁੱਖ ਕਿਸਮਾਂ ਰਾਹੀਂ ਕੀਤਾ ਜਾਣ ਵਾਲਾ ਵਪਾਰ ਭਵਿੱਖਮੁੱਖੀ ਤੇ ਵਿਕਲਿਪਕ ਹੁੰਦਾ ਹੈ।

4. **ਮਿਉਚੁਅਲ ਫੰਡ** ਇਕ ਅਜਿਹਾ ਵਿੱਤੀ ਯੰਤਰ ਹੈ, ਜੋ ਅਨੇਕ ਨਿਵੇਸ਼ਕਾਂ ਤੋਂ ਧਨ ਇੱਕਠੇ ਕਰਨ ਦਾ ਮਾਧਿਅਮ ਬਣਦਾ ਹੈ। ਇਹ ਫੰਡ ਭਾਵ ਮਿਉਚੁਅਲ ਫੰਡ ਨੂੰ ਅੱਗੋਂ ਸ਼ੇਅਰ, ਬਾਂਡ, ਧਨ ਬਾਜ਼ਾਰ ਦੇ ਵਿਭਿੰਨ ਯੰਤਰਾਂ ਅਤੇ ਦੂਜੀਆਂ ਸੰਪਤੀਆਂ ਜਿਹੀਆਂ ਪ੍ਰਤੀਭੂਤੀਆਂ ਵਿੱਚ ਨਿਵੇਸ਼ ਕੀਤਾ ਜਾਂਦਾ ਹੈ।

## ਸੁਰੱਖਿਆ /ਪ੍ਰਤੀਭੂਤੀ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ)

ਅਜਿਹਾ ਸਥਾਨ ਜਿੱਥੇ ਕੰਪਨੀਆਂ ਜਨਤਕ ਤੌਰ ਤੇ ਨਿਵੇਸ਼ਕਾਂ ਨੂੰ ਆਪਣੀਆਂ ਪ੍ਰਤੀਭੂਤੀਆਂ ਜਾਰੀ ਕਰ ਕੇ ਫੰਡ ਇਕੱਤਿਰਤ ਕਰਦੀਆਂ ਹਨ, ਜਿਵੇਂ : ਸਾਧਾਰਣ ਸ਼ੇਅਰ, ਕਰਜ਼ ਪੱਤਰ, ਡੈਰੀਵੇਟਿਵੇਜ਼, ਮਿਉਚੁਅਲ ਫੰਡ ਆਦਿਰਾਹੀਂ। ਇਹ ਉਹ ਸਥਾਨ ਵੀ ਹੈ, ਜਿੱਥੇ ਨਿਵੇਸ਼ਕ ਵਿਭਿੰਨ ਪ੍ਰਤੀਭੂਤੀਆਂ ਜਿਵੇਂ : ਸ਼ੇਅਰ, ਬਾਂਡ ਆਦਿ ਦੀ ਖਰੀਦ ਫ਼ਰੋਖ਼ਤ ਕਰ ਸਕਦੇ ਹਨ। ਜਦੋਂ ਸ਼ੇਅਰ ਜਾਂ ਪ੍ਰਤੀਭੂਤੀਆਂ  ਜਨਤਾ ਨੂੰ ਜਾਰੀਕੀਤੇ ਜਾਂਦੇ ਹਨ, ਉਦੋਂ ਕੰਪਨੀ ਵਲੋਂ ਸ਼ੇਅਰਾਂ ਨੂੰ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਉਤੇ ਸੂਚੀਬੱਧਕਰਨਾ ਅਤਿ ਜ਼ਰੂਰੀ ਹੁੰਦਾ ਹੈ।ਸਿਕਓਰਿਟੀਜ਼ ਮਾਰਕੀਟ ਪੂੰਜੀ ਮਾਰਕੀਟ ਦਾ ਇਕ ਹਿੱਸਾ ਹੈ।

ਸਿਕਓਰਿਟੀਜ਼ ਬਾਜ਼ਾਰ ਦਾ ਬੁਨਿਆਦੀ ਕਾਰਜ ਨਿਵੇਸ਼ਕਾਂ ਵਲੋਂ ਕੀਤੇ ਗਏ ਨਿਵੇਸ਼ ਨੂੰ ਵਧੇਰੇ ਲੋੜ ਵਾਲਿਆਂ ਤਕ ਵੰਡਣ ਯੋਗ ਬਣਾਉਣਾਹੈ।ਅਜਿਹਾ ਉਦੋਂ ਸੰਭਵ ਹੁੰਦਾ ਹੈ, ਜਦੋਂ ਨਿਵੇਸ਼ਕ ਆਪਣੀ ਰਕਮ ਕਿਸੇ ਲੋੜਵੰਦ ਕੰਪਨੀ / ਹਸਤੀਆਂ ਦੀਆਂ ਪ੍ਰਤੀਭੂਤੀਆਂ, ਸਾਧਾਰਣ ਸ਼ੇਅਰਾਂ ਵਿੱਚ ਨਿਵੇਸ਼ ਕਰਦੇ ਹਨ, ਅਤੇ ਉਸ ਤੋਂ ਬਾਦ ਨਿਵੇਸ਼ਕ ਅਨੇਕ ਲਾਭਾਂ ਜਿਵੇਂ ਵਿਆਜ, ਲਾਭਅੰਸ਼, ਪੂੰਜੀ ਦੇ ਮੁੱਲਵਿੱਚਵਾਧਾ ਹੋਣਾ, ਬੋਨਸ ਆਦਿਨੂੰ ਪ੍ਰਾਪਤ ਕਰਨ ਯੋਗ ਹੁੰਦੇ ਹਨ।ਅਜਿਹੇ ਨਿਵੇਸ਼ ਦੇਸ ਦੇ ਆਰਥਕ ਵਿਕਾਸ ਵਿੱਚ ਬਹੁਤ ਯੋਗਦਾਨ ਪਾਉਂਦੇ ਹਨ।

ਸਿਕਓਰਿਟੀਜ਼ ਮਾਰਕੀਟ ਦੇ ਦੋ ਅੰਤਰ ਨਿਰਭਰ ਅਤੇ ਅਟੁੱਟ ਹਿੱਸੇ ਹਨ, ਜੋ ਹੇਠਲਿਖਿਤ ਹਨ :

| ਸਿਕਓਰਿਟੀਜ਼ ਮਾਰਕੀਟ | |
|---|---|
| ਪ੍ਰਾਇਮਰੀ ਮਾਰਕੀਟ | ਗੌਣ ਮਾਰਕੀਟ |
| ਉਦੇਸ਼ : ਫੰਡ ਇੱਕਠੇ ਕਰਨਾ | ਉਦੇਸ਼ : ਪੂੰਜੀ ਦੇ ਮੁੱਲ ਵਿੱਚ ਵਾਧਾ ਕਰਨਾ |
| ਅਰੰਭਕ ਜਨਤਕ ਪੇਸ਼ਕਸ਼ (ਆਈਪੀਓ) | ਜਨਤਕ ਤੌਰ ਤੇ ਪਹਿਲੇ ਤੋਂ ਪੇਸ਼ ਕੀਤੀਆਂ |
| ਵਿੱਚ ਨਵੀਆਂ ਪ੍ਰਤੀਭੂਤੀਆਂ ਨੂੰ ਸ਼ਾਮਿਲ ਕਰਨਾ | ਗਈਆਂ ਪ੍ਰਤੀਭੂਤੀਆਂ ਨੂੰ ਅੱਗੋਂ ਵਪਾਰ |
| | ਵਿੱਚ ਸ਼ਾਮਿਲ ਕਰਨਾ |

**ਪ੍ਰਾਇਮਰੀ ਮਾਰਕੀਟ** : ਇਸ ਮਾਰਕੀਟ ਨੂੰ ਨਵੀਂ ਇਕਾਈ ਜਾਰੀ ਕਰਨ ਵਾਲੀ ਮਾਰਕੀਟ ਵੀ ਕਿਹਾ ਜਾਂਦਾ ਹੈ, ਜਿੱਥੇ ਕੰਪਨੀ / ਸੰਸਥਾਵਾਂ ਜਨਤਾ ਨੂੰ ਨਵੀਆਂ ਪ੍ਰਤੀਭੂਤੀਆਂ ਜਿਵੇਂ : ਸ਼ੇਅਰ, ਕਰਜ਼ ਪੱਤਰ, ਬਾਂਡ ਆਦਿ ਨੂੰ ਜਾਰੀ ਕਰ ਕੇ ਫੰਡ ਇੱਕਠਾ ਕਰਦੀਆਂ ਹਨ।

ਪ੍ਰਤੀਭੂਤੀਆਂ ਨੂੰ ਦੋ ਪ੍ਰਮੁੱਖ ਤਰੀਕਿਆਂ ਰਾਹੀਂ ਜਾਰੀ ਕੀਤਾ ਜਾ ਸਕਦਾ ਹੈ :

- **ਕਾਰਪੋਰੇਟ ਸਥਿਤੀਆਂ/ਸੰਸਥਾਵਾਂ (ਕੰਪਨੀਆਂ**): ਜੋ ਪ੍ਰਮੁੱਖ ਸਾਧਾਰਣ ਜਾਂ ਇਕੁਇਟੀ ਯੰਤਰ ਜਿਵੇਂ ਸ਼ੇਅਰ ਅਤੇ ਕਰਜ਼ ਯੰਤਰ ਜਿਵੇਂ : ਬਾਂਡ ਅਤੇ ਕਰਜ਼ ਪੱਤਰ ਜਾਰੀ ਕਰਦੇ ਹਨ।
- **ਸਰਕਾਰੀ (ਕੇਂਦਰੀ ਅਤੇ ਸੂਬਾਈ**) ਵਲੋਂ ਜੋ ਡੇਬਿਟ ਜਾਂ ਕਰਜ਼ ਸਿਕਓਰਿਟੀਜ਼ (ਪੁਰਾਣੇ ਪ੍ਰਤੀਭੂਤੀਆਂ ਅਤੇ ਟਰੇਜਰੀ ਬਿਲਾਂ) ਜਾਰੀ ਕੀਤੇ ਜਾਂਦੇ ਹਨ।

ਪ੍ਰਾਇਮਰੀ ਮਾਰਕੀਟ ਵਿੱਚ ਜਾਰੀ ਕੀਤੀਆਂ ਜਾਣ ਵਾਲੀਆਂ ਇਕਾਈਆਂ ਦੇ ਮੁੱਖ ਪ੍ਰਕਾਰ :

ੳ. ਜਨਤਕ ਇਕਾਈਆਂ : ਸੁਰੱਖਿਆ ਬਾਜ਼ਾਰ ਦੀਆਂ ਉਹ ਪ੍ਰਤੀਭੂਤੀਆਂ, ਜੋ ਸਾਰੇ ਲੋਕਾਂ ਲਈ ਹੁੰਦੀਆਂ ਹਨ ਅਤੇ ਇਸ ਨੂੰ ਕੋਈ ਵੀ ਵਿਅਕਤੀ ਲੈ ਸਕਦਾ ਹੈ।ਜਨਤਕ ਇਕਾਈਆਂ ਦੇ ਸਾਧਾਰਣ ਸ਼ੇਅਰਾਂ ਨੂੰ ਹੇਠ ਲਿਖਿਤ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ :

(1) . ਸ਼ੁਰੂਆਤੀ ਜਨਤਕ ਪੇਸ਼ਕਸ਼ (ਆਈਪੀਓ) – ਜੋ ਕਿਸੇ ਕੰਪਨੀ ਵਲੋਂ ਸ਼ੇਅਰ ਦੇ ਰੂਪ ਵਿੱਚ ਪਹਿਲੀ ਪੇਸ਼ਕਸ਼ ਜਨਤਕ ਤੌਰ ਉਤੇ ਪੇਸ਼ ਕੀਤੀ ਜਾਂਦੀਹੈ।ਆਈਪੀਓ ਦੇ ਹੇਠ ਲਿਖਿਤ ਵੱਖ ਵੱਖ ਪ੍ਰਕਾਰ ਦੇਖੇ ਜਾ ਸਕਦੇ ਹਨ :

* ਕੰਪਨੀ ਵਲੋਂ ਆਮ ਜਨਤਾ ਦੇ ਨਿਵੇਸ਼ਕਾਂ ਨੂੰ ਨਵੇਂ ਸ਼ੇਅਰਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।ਇਸ ਪ੍ਰਕਾਰ ਦੀਆਂ ਇਕਾਈਆਂ ਵਿੱਚ ਨਿਵੇਸ਼ਕਾਂ ਦਾ ਧਨ ਕੰਪਨੀ ਨੂੰ ਪ੍ਰਾਪਤ ਹੁੰਦਾ ਹੈ। ਜਿਸ ਦੀ ਵਰਤੋਂ ਕੰਪਨੀ ਵਲੋਂ ਜਾਰੀ ਕੀਤੇ ਗਏ ਮੁੱਦੇ ਲਈ ਕੀਤੀ ਜਾਂਦੀ ਹੈ।

* ਇਨ੍ਹਾਂ ਦੀ ਵਿਕਰੀ ਦੀ ਪੇਸ਼ਕਸ਼ ਮੌਜੂਦਾ ਸ਼ੇਅਰਹੋਲਡਰਾਂ ਨੂੰ, ਪ੍ਰਚਾਰਕਾਂ ਜਾਂ ਵਿੱਤੀ ਸੰਸਥਾਵਾਂ ਜਾਂ ਕਿਸੇ ਹੋਰ ਵਿਅਕਤੀ ਵਲੋਂ ਵੀ ਜਨਤਕ ਤੌਰ ਉਤੇ ਕੀਤੀ ਜਾਂਦੀ

ਹੈ।ਇਸ ਤਰ੍ਹਾਂ ਦੇ ਸ਼ੇਅਰਾਂ ਤੋਂ ਪ੍ਰਾਪਤ ਧਨ, ਸ਼ੇਅਰ ਵੇਚਣ ਵਾਲੇ ਵਿਕਰੇਤਾਵਾਂਕੋਲ ਜਾਏਗਾ ਨਾ ਕਿ ਕੰਪਨੀ ਕੋਲ।

(2). ਜਨਤਕ ਪੇਸ਼ਕਸ਼ ਦਾ ਪਾਲਨ ਕਰਨਾ (ਐਫਪੀਓ) :(1). ਇਸ ਨੂੰ ਜਾਰੀਕਰਤਾ / ਕੰਪਨੀ ਵਲੋਂ ਤੈਅ ਕੀਤਾ ਜਾਂਦਾ ਹੈ, ਜੋ ਪਹਿਲਾ ਵੀ ਆਈਪੀਓ ਨੂੰ ਬਣਾ ਚੁੱਕੇ ਹੁੰਦੇ ਹਨ ਅਤੇ ਉਹੀ ਜਨਤਾ ਲਈ ਨਵੀਆਂ ਪ੍ਰਤੀਭੂਤੀਆਂ ਦੀ ਪੇਸ਼ਕਸ਼ ਕਰਦੇ ਹਨ।

2. ਤਰਜੀਹੀ ਇਕਾਈ : ਇਸ ਰੂਪ ਦੀਆਂ ਪ੍ਰਤੀਭੂਤੀਆਂ ਨੂੰ, ਪਛਾਨਣ ਯੋਗ ਨਿਵੇਸ਼ਕਾਂ ਜਿਵੇਂ ਪ੍ਰਚਾਰਕਾਂ, ਰਣਨੀਤੀ ਨਿਵੇਸ਼ਕਾਂ ਅਤੇ ਕਰਮਚਾਰੀਆਂ ਆਦਿ ਜਿਹੇ ਸਮੂਹਾਂ ਲਈ ਜਾਰੀ ਕੀਤਾ ਜਾਂਦਾ ਹੈ।

3. ਅਧਿਕਾਰਿਤ ਇਕਾਈਆਂ : ਜਦੋਂ ਕੰਪਨੀਆਪਣੇ ਮੌਜੂਦਾ ਸ਼ੇਅਰਹੋਲਡਰਾਂ ਨੂੰ ਕਿਸੇ ਨਵੇਂ ਜਾਰੀ ਕੀਤੇ ਸ਼ੇਅਰਾਂ ਨੂੰ ਲੈਣ ਦੀ ਪੇਸ਼ਕਸ਼ ਕਰਦੀ ਹੈ। ਇਹ ਉਨ੍ਹਾਂ ਦੀ ਵਰਤਮਾਨ ਸ਼ੇਅਰ ਹੋਲਡਿੰਗ ਦੇ ਅਨੁਪਾਤ ਵਿੱਚ ਨਿਵੇਸ਼ ਕਰਨ ਦਾ ਅਧਿਕਾਰ ਦੇਂਦੀ ਹੈ। ਇਸੇਲਈ ਇਸ ਨੂੰ ਅਧਿਕਾਰਿਤ ਇਕਾਈ ਕਿਹਾ ਜਾਂਦਾ ਹੈ।

4. ਬੋਨਸ ਇਕਾਈ : ਜਦੋਂ ਮੌਜੂਦਾ ਸ਼ੇਅਰਹੋਲਡਰਾਂ ਨੂੰ ਉਨ੍ਹਾਂ ਦੀ ਵਰਤਮਾਨ ਸ਼ੇਅਰ ਹੋਲਡਿੰਗ ਦੇ ਅਨੁਪਾਤ ਵਿੱਚ ਬਗ਼ੈਰ ਹੋਰ ਭੁਗਤਾਨ ਦੇ ਕੰਪਨੀ ਵਲੋਂ ਮੁਫ਼ਤ ਵਿੱਚ ਕੁਝ ਸ਼ੇਅਰ ਜਾਰੀ ਕੀਤੇ ਜਾਂਦੇ ਹਨ। ਇਸੇ ਨੂੰ ਹੀ ਸ਼ੇਅਰਹੋਲਡਰਾਂ ਲਈ ਬੋਨਸ ਕਿਹਾ ਜਾਂਦਾ ਹੈ।

ਆਮ ਜਨਤਾ ਤੋਂ ਅਜਿਹਾਧਨ ਇੱਕਠੇ ਕਰਨ ਲਈ, ਕੰਪਨੀਆਂ ਨੂੰ ਸੇਬੀ ਦੇ ਅੰਤਰਗਤ ਪੇਸ਼ਕਸ਼ ਦਸਤਾਵੇਜ ਭਰਨਾ ਜ਼ਰੂਰੀ ਹੁੰਦਾ ਹੈ, ਜਿਸ ਨੂੰ ਡਰਾਫਟ ਰੈਡ ਹੈਰਿੰਗ ਪ੍ਰਾਸਪੈਕਟਸ ਜਾਂ ਡਰਾਫਟ ਸੂਚੀਪੱਤਰ ਕਿਹਾ ਜਾਂਦਾ ਹੈ।ਇਸ ਪ੍ਰਾਸਪੈਕਟਸ ਵਿੱਚ ਬਿਓਰੇਵਾਰ ਕੰਪਨੀ ਦਾ ਇਤਿਹਾਸ, ਪ੍ਰਮੋਟਰਾਂ/ ਪ੍ਰਚਾਰਕਾਂ, ਬਿਜਨੈਸ ਮਾਡਲ, ਕੰਪਨੀ ਦਾ ਵਿੱਤੀ ਇਤਿਹਾਸ, ਧਨ ਇੱਕਠਾ ਕਰਨ ਦਾ ਉਦੇਸ਼, ਵਪਾਰਕ ਜੋਖ਼ਿਮ, ਸ਼ੇਅਰਾਂ ਦੀਆਂ ਸ਼ਰਤਾਂ ਨਾਲ, ਇਸ ਨਾਲ ਸੰਬੰਧਤ ਹੋਰ ਜਾਣਕਾਰੀ ਅਤੇ ਘੋਸ਼ਣਾਵਾਂ ਸ਼ਾਮਿਲ ਹੁੰਦੀਆਂ ਹਨ, ਜੋ ਨਿਵੇਸ਼ਕਾਂ ਨੂੰ ਕੰਪਨੀ ਵਿੱਚ ਨਿਵੇਸ਼ ਕਰਨ ਅਤੇ ਅਜਿਹਾ ਨਿਰਣਾ ਲੈਣ ਵਿੱਚ ਸਹਾਇਕ ਹੋ ਸਕਦੀ ਹੋਵੇ।ਜਿਨ੍ਹਾਂ ਪ੍ਰਤੀਭੂਤੀਆਂ ਨੂੰ ਪ੍ਰਾਇਮਰੀ ਬਾਜ਼ਾਰ ਵਿੱਚ ਜਾਰੀ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਵਿੱਚ ਸੂਚੀਬੱਧ ਕਰਨਾ ਪੈਂਦਾ ਹੈ। ਸ਼ੇਅਰਾਂ ਨੂੰ ਜਾਰੀ ਕਰਨ ਦੀ ਅੰਤਿਮ ਮਿਤੀ ਤੋਂ,

ਕਾਰਜਕਾਰੀ ਛੇ ਦਿਨਾਂ ਦੇ ਅੰਦਰ ਅੰਦਰ ਕਰਨੀ ਜ਼ਰੂਰੀ ਹੁੰਦੀ ਹੈ।ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਵਿੱਚ ਸ਼ੇਅਰਾਂ ਦੇ ਸੂਚੀਬੱਧ ਹੋਣ ਤੋਂ ਬਾਦ ਹੀ, ਇਨ੍ਹਾਂ ਸ਼ੇਅਰਾਂ ਨਾਲ ਟਰੇਡਿੰਗ ਜਾਂ ਵਪਾਰ ਕੀਤਾ ਜਾਂਦਾ ਹੈ।

ਕੰਪਨੀ ਵਲੋਂ ਨਿਰਧਾਰਿਤ ਕੀਤੇ ਗਏ ਸ਼ੇਅਰਾਂ ਨੂੰ ਨਿਵੇਸ਼ਕ ਦੇ ਡੀਮੈਟ ਖਾਤੇ ਵਿੱਚ ਜਮ੍ਹਾ ਕੀਤਾ ਜਾਂਦਾ ਹੈ, ਜਿਸ ਦਾ ਰੱਖ-ਰਖਾਵ ਡਿਪੋਜ਼ਿਟਰੀ ਵਲੋਂ ਕੀਤਾ ਜਾਂਦਾ ਹੈ। ਇਹ ਡਿਪੋਜ਼ਿਟਰੀ ਸੇਬੀ ਦੇ ਡਿਪੋਜ਼ਿਟਰੀ ਭਾਗੀਦਾਰ (ਡੀਪੀ) ਵਿੱਚ ਰਜਿਸਟਰਡ ਹੁੰਦੀ ਹੈ। ਨਿਵੇਸ਼ਕ ਆਪਣੇ ਸ਼ੇਅਰਾਂ ਨੂੰ ਸਟਾਕ ਐਕਸਚੇਂਜਾਂ ਰਾਹੀਂ ਸੇਬੀ ਵਲੋਂ ਰਜਿਸਟਰਡ ਸਟਾਕ ਬਰੋਕਰਾਂ / ਦਲਾਲਾਂ ਦੁਆਰਾ ਵੇਚ ਕੇ ਰਕਮ ਪ੍ਰਾਪਤ ਕਰ ਸਕਦੇ ਹਨ।

ਗੌਣ ਬਾਜ਼ਾਰ : ਪ੍ਰਤੀਭੂਤੀਆਂ ਦੇ ਪ੍ਰਾਇਮਰੀ ਬਾਜ਼ਾਰ ਵਿੱਚ ਜਾਰੀ ਹੋਣ ਅਤੇਸਟਾਕ ਐਕਸਚੇਂਜਾਂ ਵਿੱਚ ਸੂਚੀਬੱਧ ਹੋਣ ਤੋਂ ਬਾਦ ਨਿਵੇਸ਼ਕ ਉਨ੍ਹਾਂ ਸਟਾਕ ਐਕਸਚੇਂਜਾਂ ਦੇ ਜ਼ਰੀਏ ਸੂਚੀਬੱਧ ਪ੍ਰਤੀਭੂਤੀਆਂ ਦੀ ਖ਼ਰੀਦ ਜਾਂ ਫ਼ਰੋਖਤ ਕਰ ਸਕਦੇ ਹਨ।ਸਟਾਕ ਐਕਸਚੇਂਜਾਂ ਦੇ ਦੋ ਪ੍ਰਮੁੱਖ ਹਿੱਸੇ ਹਨ -ਨਕਦ ਬਾਜ਼ਾਰ ਖੰਡ ਅਤੇ ਡੈਰੀਵੇਟਿਵੇਜ਼ ਬਾਜ਼ਾਰ ਖੰਡ।

**ਕੌਣ ?**

**ਸੁਰੱਖਿਆ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ) ਦੀਆਂ ਮੂਲ ਸਰੰਚਨਾਤਮਕ ਸੰਸਥਾਵਾਂ ਅਤੇ ਬਾਜ਼ਾਰ ਦੇ ਅੰਤਰ ਵਿਚੋਲੇ ਕੌਣ ਹੁੰਦੇ ਹਨ ?**

**ਮੂਲ ਸਰੰਚਨਾਤਮਕ ਬਾਜ਼ਾਰੀ ਸੰਸਥਾਵਾਂ :** ਸੁਰੱਖਿਆ ਬਾਜ਼ਾਰ ਵਿੱਚ ਸੌਦੇ ਕਰਨੇ ਜਿਵੇਂ : ਪ੍ਰਤੀਭੂਤੀਆਂ ਨੂੰਜਾਰੀ ਕਰਨਾ, ਖਰੀਦ ਫ਼ਰੋਖ਼ਤ ਦੀ ਸਹੂਲਤ ਦੇਣਾ ਬੁਨਿਆਦੀ ਤੱਤ ਹੈ।ਟਰਾਂਜੇਕਸ਼ਨ ਦੀ ਇਹ ਸਹੂਲਤਸਟਾਕ ਐਕਸਚੇਂਜਾਂ, ਡਿਪੋਜ਼ਿਟਰੀ ਅਤੇ ਸਪਸ਼ਟ ਕਾਰਪੋਰੇਸ਼ਨਾਂ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਸੰਸਥਾਵਾਂ ਨੂੰ ਮੂਲ ਸਰੰਚਨਾਤਮਕ ਬਾਜ਼ਾਰੀ ਸੰਸਥਾਵਾਂ (ਐਮਐਲਐਲਐਸ) ਕਿਹਾ ਜਾਂਦਾ ਹੈ।ਸੇਬੀ ਕੋਲ ਇਨ੍ਹਾਂ ਮੂਲ ਸਰੰਚਨਾਤਮਕ ਬਾਜ਼ਾਰੀ ਸੰਸਥਾਵਾਂ ਦੀ ਸੂਚੀ ਰਜਿਸਟਰਡ ਹੁੰਦੀ ਹੈ, ਜਿਸ ਨੂੰ https://www.sebi.gov.in/intermediaries.htmlਉਤੇ ਜਾ ਕੇ ਦੇਖਿਆ ਜਾ ਸਕਦਾ ਹੈ।

ਸਟਾਕ ਐਕਸਚੇਂਜ ਸਾਰੇ ਦੇਸ਼ ਵਿੱਚ ਕੰਪਿਊਟਰ ਰਾਹੀਂ ਪ੍ਰਤੀਭੂਤੀਆਂ ਦੀ ਖ਼ਰੀਦ ਫ਼ਰੋਖ਼ਤ ਲਈ ਪਲੇਫਾਰਮ ਦੀ ਸੁਵਿਧਾ ਪ੍ਰਦਾਨ ਕਰਦੇ ਹਨ, ਜੋ ਉਨ੍ਹਾਂ ਵਲੋਂ ਰਜਿਸਟਰਡ ਸਟਾਕ ਬਰੋਕਰਾਂ ਅਤੇ ਨਿਰਪੱਖ ਢੰਗ ਨਾਲ ਨਿਰਧਾਰਿਤ ਬਾਜ਼ਾਰ ਕੀਮਤਾਂ ਉਤੇ ਆਧਾਰਤ ਹੁੰਦੇ ਹਨ।ਸੇਬੀ ਵਲੋਂ ਮਾਨਤਾ ਪ੍ਰਾਪਤ ਭਾਰਤੀ ਸਟਾਕ ਐਕਸਚੇਂਜਾਂ ਦੀ ਸੂਚੀ ਸੇਬੀ ਦੀ ਵੇਬਸਾਈਟ ਉਤੇ ਕਿਲਕ ਕਰਕੇ ਦੇਖੀ ਜਾ ਸਕਦੀ ਹੈ :https://www.sebi.gov.in/stock-exchanges.html . ਦੇਸ ਵਿੱਚ ਫੈਲੇ ਪ੍ਰਮੁੱਖ ਸਟਾਕ ਐਕਸਚੇਂਜਾਂ ਵਿਚੋਂ ਬੀਐਸਈ ਲਿਮਿਟੇਡ (ਬੀਐਸਈ), ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿ. (ਐਨਐਸਈ) ਅਤੇ ਮੈਟਰੋਪੋਲੀਟਿਅਨ ਸਟਾਕ ਐਕਸਚੇਂਜ ਆਫ ਇੰਡੀਆ ਲਿ. (ਐਮਐਸਈ) ਹਨ।

**ਕਲੀਅਰਿੰਗ (ਸਾਫ-ਸਪਸ਼ਟ)ਕਾਰਪੋਰੇਸ਼ਨ** : ਸਾਫ ਕਾਰਪੋਰੇਸ਼ਨਾਂ ਦਾ ਮੁੱਖ ਕਾਰਜ ਸਟਾਕ ਐਕਸਚੇਂਜਾਂ ਵਲੋਂ ਚਲਾਏ ਜਾ ਰਹੇ ਵਪਾਰਕ ਸਮਝੌਤਿਆਂ ਦੀ ਗਾਰੰਟੀ ਦੇਣਾ ਹੈ। ਦੂਜੇ ਸ਼ਬਦਾਂ ਵਿੱਚ, ਕਲੀਅਰਿੰਗ ਕਾਰਪੋਰੇਸ਼ਨਜ਼ ਹਰ ਖਰੀਦਦਾਰ ਨੂੰ ਇਸ ਗੱਲ ਦੀ ਗਾਰੰਟੀ ਦੇਂਦਾ ਹੈ ਕਿ ਉਸ ਨੇ ਜੋ ਵੀ ਪ੍ਰਤੀਭੂਤੀਆਂ ਇਨ੍ਹਾਂ ਤੋਂ ਖਰੀਦੀਆਂ ਹਨ, ਉਹ ਸੁਰੱਖਿਅਤ ਹਨ ਅਤੇ ਹਰੇਕ ਵਿਕਰੇਤਾ ਨੂੰ ਉਸ ਵਲੋਂ ਵੇਚੀਆਂ ਗਈਆਂ ਪ੍ਰਤੀਭੂਤੀਆਂ ਲਈ ਧਨ ਮਿਲੇਗਾ।

**ਡਿਪੋਜ਼ਿਰਟੀਜ਼**ਇਕ ਅਜਿਹੀ ਸੰਸਥਾਵਾਂ ਹਨ, ਜੋ ਨਿਵੇਸ਼ਕਾਂ ਦੀਆਂ ਪ੍ਰਤੀਭੂਤੀਆਂ ਨੂੰ ਅਭੌਤਿਕ / ਇਲੇਕਟ੍ਰਾਨਿਕ ਰੂਪ ਵਿੱਚ ਸੰਭਾਲ ਕੇ ਰੱਖਦਾ ਹੈ ਅਤੇ ਮਨਤਾ ਪ੍ਰਾਪਤ ਡਿਪੋਜ਼ਿਟਰੀ ਹਿੱਸੇਦਾਰਾਂ (ਡੀਪੀ) ਦੇ ਜ਼ਰੀਏ ਨਿਵੇਸ਼ਕਾਂ ਨੂੰ ਡੀਮੈਟ ਸੇਵਾਵਾਂ ਪ੍ਰਦਾਨ ਕਰਦਾ ਹੈ।ਸਾਡੇ ਦੇਸ ਵਿੱਚ ਸੇਬੀ ਦੇ ਨਾਲ ਦੋ ਪ੍ਰਮੁੱਖ ਡਿਪਾਜ਼ਿਟਰੀਜ਼ ਰਜਿਸਟਰਡ ਹਨ, ਜਿਨਾਂ ਵਿਚੋਂ ਇਕ ਦਾ ਨਾਂ ਹੈ ਨੈਸ਼ਨਲ ਸਿਕਓਰਿਟੀਜ਼ ਡਿਪੋਜ਼ਿਟਰੀ ਲਿ. (ਐਨਐਸਡੀਐਲ) ਅਤੇ ਦੂਜਾ ਹੈ ਸੇਂਟਰਲ ਡਿਪੋਜ਼ਿਟਰੀ ਸਰਵਿਸੇਜ਼ ਆਫ ਇੰਡੀਆ ਲਿ. (ਸੀਡੀਐਸਐਲ)। ਹਰੇਕ ਡਿਪੋਜ਼ਿਟਰੀ ਦੇ ਤਹਿਤ ਅਨੇਕ ਡਿਪੋਜ਼ਿਟਰੀ ਸਹਿਭਾਗੀ (ਡੀਪੀਐਸ) ਹੈ, ਜੋ ਨਿਵੇਸ਼ਕਾਂ ਨੂੰ ਡੀਮੈਟ ਖਾਤਾ ਆਦਿ ਖੋਲ੍ਹਣ ਅਤੇ ਸੰਭਾਲ ਕਰਨ ਜਿਹੀਆਂ ਵਿਭਿੰਨ ਸੇਵਾਵਾਂ ਪ੍ਰਦਾਨ ਕਰਦਾ ਹੈ।

**ਮਾਰਕੀਟ ਵਿਚੋਲੇ (ਇੰਟਰਮੀਡਿਅਰੀਜ਼)** : ਪ੍ਰਾਇਮਰੀ ਅਤੇ ਗੌਣ ਬਾਜ਼ਾਰ ਦੇ ਪੱਧਰੇ ਢੰਗ ਨਾਲ ਕਾਰੋਬਾਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਮਾਰਕੀਟ ਇੰਟਰਮੀਡਿਅਰੀਜ਼ ਪ੍ਰਤੀਭੂਤੀਆਂ ਦੀ ਖਰੀਦ ਅਤੇ ਵਿਕਰੀ ਲਈ ਸੌਦਿਆਂ ਨੂੰ ਕਾਰਜਸ਼ੀਲ ਕਰਨਾ, ਪ੍ਰਤੀਭੂਤੀਆਂ ਦੇ ਵਿਤਰਣ ਵਿੱਚ ਸੌਦੇ ਕਰਨ ਅਤੇ ਪ੍ਰਤੀਭੂਤੀਆਂ

ਦੇ ਵਪਾਰ (ਟਰੇਡਿੰਗ) ਨਾਲ ਸੰਬੰਧਤ ਜਾਣਕਾਰੀ ਪ੍ਰਦਾਨ ਕਰਦੇ ਹਨ। ਕਈ ਮਹੱਤਵਪੂਰਣ ਵਿਚੋਲੇ ਸਟਾਕ ਬਰੋਕਰ, ਡਿਪੋਜ਼ਿਟਰੀ ਸਹਿਭਾਗੀਆਂ, ਵਪਾਰਕ ਬੈਂਕਰਸ, ਸ਼ੇਅਰ ਅਤੇ ਟਰਾਂਸਫਰ ਏਜੰਟ, ਰਜਿਸਟਾਰਸ ਆਦਿ ਹੁੰਦੇ ਹਨ। ਸਾਰੇ ਵਿਚੋਲੇ ਸੇਬੀ ਵਿੱਚ ਰਜਿਸਟਰਡ ਹੁੰਦੇ ਹਨ, ਜੋ ਨਿਵੇਸ਼ਕਾਂ ਦੀ ਸੁਰੱਖਿਆ ਲਈ ਨਿਰਧਾਰਿਤ ਮਾਨਦੰਡਾਂ ਦਾ ਪਾਲਨ ਕਰਦੇ ਹਨ।ਸੇਬੀ ਦੀ ਵੇਬਸਾਈਟ ਉਤੇ ਅਜਿਹੇ ਰਜਿਸਟਰਡ ਬਾਜ਼ਾਰ ਵਿਚੋਲਿਆਂ ਦੀ ਸੂਚੀ ਮੌਜੂਦ ਹੈ, https://www.sebi.gov.in ਉਤੇ ਕਿਲਕ ਕਰ ਕੇ ਦੇਖਿਆ ਜਾ ਸਕਦਾ ਹੈ।

## ਨਿਵੇਸ਼ ਦੀਆਂ ਬੁਨਿਆਦੀ ਗੱਲਾਂ

ਪ੍ਰਤੀਭੂਤੀ ਬਾਜ਼ਾਰ ਵਿੱਚ ਨਿਵੇਸ਼ ਦੀ ਸ਼ੁਰੂਆਤ ਕਰਨ ਤੋਂ ਪਹਿਲਾ ਤੁਹਾਨੂੰ ਆਪਣੇ ਨਿਵੇਸ਼ ਦੇ ਟੀਚੇ, ਉਦੇਸ਼ ਅਤੇ ਜੋਖ਼ਿਮ (ਜਿਸ ਸੀਮਾ ਤਕ ਤੁਸੀਂ ਜੋਖ਼ਿਮ ਲੈਣ ਲਈ ਤਿਆਰ ਹੋ) ਨੂੰ ਸਮਝਣ ਦੀ ਲੋੜ ਹੈ।ਹਰੇਕ ਨਿਵੇਸ਼ਦੇ ਨਿਰਣੇ ਤੁਹਾਡੀਆਂ ਜ਼ਰੂਰਤਾਂ ਅਤੇ ਤੁਹਾਡੀ ਪਸੰਦ ਦੇ ਅਨੁਸਾਰ ਹੋਣੇ ਚਾਹੀਦੇ ਹਨ।ਮਿਸਾਲ ਦੇ ਲਈ, ਤੁਹਾਡੀ ਇੱਛਾ ਲਗਾਤਾਰ ਰਿਟਰਨ ਦੇਣ ਵਾਲੇ ਉਤਪਾਦਾਂ ਵਿੱਚ ਨਿਵੇਸ਼ ਕਰਨ ਦੀ ਹੈ ਜਾਂ ਥੋੜਾ ਜ਼ਿਆਦਾ ਜੋਖ਼ਿਮ ਲੈ ਕੇ ਵਧੇਰੇ ਮੁਨਾਫ਼ਾ ਦੇਣ ਵਾਲੇ ਉਤਪਾਦਾਂ ਵਿੱਚ ਨਿਵੇਸ਼ ਕਰਨ ਦੀ ਹੈ। ਹਰੇਕ ਪੂੰਜੀ ਨਿਵੇਸ਼ ਦੇ ਅੰਦਰ ਤੁਹਾਡੀ ਮੂਲ ਰਕਮ ਵਿੱਚ ਫੇਰ ਬਦਲ ਹੋਣ ਦਾ ਜੋਖ਼ਿਮ ਹੁੰਦਾ ਹੈ।ਮਿਸਾਲ ਦੇ ਤੌਰ ਤੇ, ਆਟੋਮੋਬਾਈਲ ਉਦਯੋਗ ਦੇ ਸ਼ੇਅਰਾਂ ਵਿੱਚ ਨਿਵੇਸ਼ ਆਟੋਮੋਬਾਈਲ ਉਦਯੋਗ ਦੇ ਨਾਲ ਸੰਬੰਧਤ ਜੋਖ਼ਿਮ ਨੂੰ ਆਕਰਸ਼ਿਤ ਕਰਦਾ ਹੈ (ਵਿਕਰੀ ਵਿੱਚ ਉਤਾਅ-ਚੜਾਅ ਹੋ ਸਕਦਾ ਹੈ ਜਾਂ ਇਕ ਬਾਂਡ ਦੇ ਕਾਰ ਦੀ ਵਿਕਰੀ ਹੋਰ ਬਾਂਡ ਤੋਂ ਵੱਧ ਹੋ ਸਕਦੀ ਹੈ, ਆਦਿ।) ਇਕ ਵਾਰ ਤੁਸੀਂ ਆਪਣਾ ਟੀਚਾ ਅਤੇ ਜੋਖ਼ਿਮ ਲੈਣ ਦਾ ਫੈਸਲਾ ਕਰ ਲੈਂਦੇ ਹੋ ਤਾਂ ਕ੍ਰਿਪਾ ਕਰ ਕੇ ਤੁਸੀਂ ਕਿਹੜੇ ਉਤਪਾਦ ਵਿੱਚ ਕਿੰਨੀ ਰਕਮ ਨਿਵੇਸ਼ ਕਰਨਾ ਚਾਹੁੰਦੇ ਹੋ ਤਾਂ ਉਸ ਦਾ ਨਿਰਧਾਰਣ ਕਰ ਲਵੋ।ਜੋਖ਼ਿਮ ਲੈਣ ਦੀ ਸਮਰੱਥਾ ਨਿਵੇਸ਼ਕ ਤੋਂ ਨਿਵੇਸ਼ਕ ਵਿੱਚ ਭਿੰਨ ਭਿੰਨ ਹੁੰਦੀ ਹੈ ਅਤੇ ਨਿਵੇਸ਼ਕ ਦੀ ਉੱਮਰ ਦੇ ਨਾਲ ਟੀਚਿਆਂ ਉਤੇ ਨਿਰਭਰਹੁੰਦੀ ਹੈ।

ਨਿਵੇਸ਼ਕਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂਬਾਰੇ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ ਬਾਰੇ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ, ਜਿਸ ਬਾਰੇ ਸੇਬੀ ਅਤੇ ਸਟਾਕ ਐਕਸਚੇਂਜਾਂ ਦੀ ਵੇਬਸਾਈਟ ਉਤੇ ਉਪਲਬੱਧ ਹੈ ਅਤੇ ਇਸ ਪੁਸਤਿਕਾ ਦੇ ਅਨੁਬੰਧ-1 ਵਿੱਚ ਉਸ ਦੀ ਜਾਣਕਾਰੀ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਨਿਵੇਸ਼ਕਾਂ ਦੇ ਅਧਿਕਾਰ ਅਤੇ ਫਰਜ਼ ਅਨੁਬੰਧ-2 ਵਿੱਚ ਜੋੜੇ ਗਏ ਹਨ।

ਨਿਵੇਸ਼ਕਾਂ ਨੂੰ ਸ਼ੇਅਰਾਂ ਵਿੱਚ ਨਿਵੇਸ਼ ਕਰਨ ਤੋਂ ਪਹਿਲਾ ਸਾਰੀ ਤਰ੍ਹਾਂ ਦੀਆਂ ਜਾਣਕਾਰੀਆਂ ਹਾਸਿਲ ਕਰ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਕੰਪਨੀ ਨਾਲ ਸੰਬੰਧਤ ਸਾਰੀਆਂ ਜਾਣਕਾਰੀਆਂ ਜਿਵੇਂ ਕਿ : ਉਨ੍ਹਾਂ ਦੇ ਪ੍ਰਮੋਟਰਾਂ, ਪਰਿਯੋਜਨਾਵਾਂ ਦਾ ਵਿਵਰਣ, ਵਿੱਤੀ ਵਿਵਰਣ ਆਦਿ ਸਾਰੀਆਂ ਜਾਣਕਾਰੀਆਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ।ਇਨ੍ਹਾਂ ਸਾਰੀਆਂ ਜਾਣਕਾਰੀਆਂ ਨੂੰ ਸਟਾਕ ਐਕਸਚੇਂਜਾਂ ਦੀ ਵੇਬਸਾਈਟਾਂ ਉਤੇ ਵੀ ਦੇਖਿਆ ਜਾ ਸਕਦਾ ਹੈ।

ਪ੍ਰਤੀਭੂਤੀ ਬਾਜ਼ਾਰ ਵਿੱਚ ਨਿਵੇਸ਼ ਕਰਨ ਲਈ ਨਿਵੇਸ਼ਕ ਸੇਬੀ ਵਿੱਚ ਰਜਿਸਟਰਡ ਕਿਸੇ ਵੀ ਨਿਵੇਸ਼ ਸਲਾਹਕਾਰ ਨਾਲ ਸੰਪਰਕ ਕਰ ਸਕਦੇ ਹਨ। ਸੇਬੀ ਵਲੋਂ ਰਜਿਸਟਰਡ ਨਿਵੇਸ਼ ਸਲਾਹਕਾਰਾਂ ਦੀ ਸੂਚੀ ਦੇਖਣ ਲਈ https://www.sebi.gov.inਉਤੇ ਕਿਲਕ ਕੀਤਾ ਜਾ ਸਕਦਾ ਹੈ।

ਹਾਲਾਂਕਿ, ਨਿਵੇਸ਼ਕਾਂ ਨੂੰ ਅਣਰਜਿਸਟਰਡ ਨਿਵੇਸ਼ ਸਲਾਹਕਾਰਾਂ ਤੋਂ ਬੇਲੋੜੀ ਨਿਵੇਸ਼ ਸਲਾਹ ਦੇ ਖ਼ਿਲਾਫ ਸਾਵਧਾਨੀ ਵਰਤਣੀ ਚਾਹੀਦੀ ਹੈ। ਵਧੇਰੇ ਵਿਸਤਾਰ ਲਈ, ਇਸ ਪੁਸਤਿਕਾ ਦਾ ਅਨੁਬੰਧ-3 ਦੇਖੋਂ।

## ਪ੍ਰਤੀਭੂਤੀ ਬਾਜ਼ਾਰ ਵਿੱਚ ਨਿਵੇਸ਼ ਦੇ ਪ੍ਰਮੁੱਖ ਜੋਖ਼ਿਮ :

- ਬਾਜ਼ਾਰ ਜੋਖ਼ਿਮ ਜਾਂ ਨਿਯਮਿਤ ਜੋਖ਼ਿਮ : ਇਸ ਤੋਂ ਭਾਵ ਹੈ ਕਿ ਨਿਵੇਸ਼ਕ ਨੂੰ ਵਿੱਤੀ ਬਾਜ਼ਾਰਾਂ ਦੇ ਸੰਪੂਰਣ ਪ੍ਰਦਰਸ਼ਨ ਅਤੇ ਦੇਸ ਦੀ ਆਰਥਕ ਸਥਿਤੀ ਰਾਹੀਂ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਤੋਂ ਨੁਕਸਾਨ ਹੋ ਸਕਦਾ ਹੈ।
- ਅਨਿਯਮਿਤ ਜੋਖ਼ਿਮ : ਵਿਸ਼ੇਸ਼ ਕੰਪਨੀ ਜਾਂ ਉਦਯੋਗਾਂ ਨਾਲ ਜੁੜੀ ਅਨਿਸ਼ਚਿਤਤਾ ਤੋਂ ਪੈਦਾ ਹੋਣ ਵਾਲੀ ਜੋਖ਼ਿਮ ਨੂੰ ਅਨਿਯਮਿਤ ਜੋਖ਼ਿਮ ਕਿਹਾ ਜਾਂਦਾ ਹੈ।
- ਮੁਦਰਾਸਫਰੀਤੀ ਜੋਖ਼ਿਮ : ਮੁਦਰਾਸਫਰੀਤੀ ਜੋਖ਼ਿਮ ਨੂੰ ਖਰੀਦ ਸਮਰੱਥਾ ਜੋਖ਼ਿਮ ਵੀ ਕਿਹਾ ਜਾਂਦਾ ਹੈ।ਇਸ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਮਹਿੰਗਾਈ ਕਾਰਨ ਇਸ ਦੀ ਖਰੀਦ ਸ਼ਕਤੀ ਵਿੱਚ ਨਿਘਾਰ ਆਉਣ ਤੇ ਨਿਵੇਸ਼ ਵਿਚੋਂ ਨਕਦ ਦਾ ਪ੍ਰਵਾਹ ਭਵਿੱਖ ਵਿੱਚ ਆਪਣਾ ਮੁੱਲ ਗੁਆ ਦੇਵੇਗਾ।
- ਤਰਲਤਾ ਜੋਖ਼ਿਮ : ਤਰਲਤਾ ਜੋਖ਼ਿਮ ਉਦੋਂ ਪੈਦਾ ਹੁੰਦਾ ਹੈ, ਜਦੋਂ ਕਿਸੀ ਨੁਕਸਾਨ ਨੂੰ ਰੋਕਣ ਜਾਂ ਘੱਟ ਕਰਨ ਲਈ ਤੁਰੰਤ ਨਿਵੇਸ਼ ਦੀ ਖਰੀਦ ਜਾਂ ਫ਼ਰੋਖਤ ਨਹੀਂ ਕੀਤੀ ਜਾਂਦੀ ਹੈ। ਨਿਵੇਸ਼ਾਂ ਵਿੱਚ ਵਿਵਿਧਤਾ ਲਿਆਉਣ ਨਾਲ ਤਰਲਤਾ ਜੋਖ਼ਿਮ ਨੂੰ ਕਾਫੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ।

- ਵਪਾਰਕ ਜੋਖ਼ਿਮ : ਬਾਜ਼ਾਰ ਜਾਂ ਵਿੱਤੀ ਸਥਿਤੀ ਪ੍ਰਤੀਕੂਲ ਨਹੀਂ ਹੋਣ ਕਾਰਣ ਸੰਚਾਲਨ ਨੂੰ ਬੰਦ ਕਰਨਾ ਪੈ ਸਕਦਾ ਹੈ। ਅਜਿਹੇ ਜੋਖ਼ਿਮ ਨੂੰ ਵਪਾਰਕ ਜੋਖ਼ਿਮ ਕਿਹਾ ਜਾਂਦਾ ਹੈ।
- ਅਸਥਿਰਤਾ ਜੋਖ਼ਿਮ : ਅਸਥਿਰਤਾ ਜੋਖ਼ਿਮ ਉਸ ਨੂੰ ਕਿਹਾ ਜਾਂਦਾ ਹੈ, ਜਦੋਂ ਕੰਪਨੀਆਂ ਨੂੰ ਅਸਫਲ ਹੋਣ ਦਾ ਖਤਰਾ ਨਹੀਂ ਹੋਣ ਦੇ ਬਾਵਜੂਦ ਉਨ੍ਹਾਂ ਦੇ ਸ਼ੇਅਰਾਂ ਦੇ ਮੁੱਲ ਵਿੱਚ ਉਤਾਅ-ਚੜਾਅ ਹੁੰਦਾ ਰਹਿੰਦਾ ਹੈ।
- ਮੁਦਰਾ ਜੋਖ਼ਿਮ : ਜਦੋਂ ਕੋਈ ਨਿਵੇਸ਼ਕ ਵਿਦੇਸ਼ੀ ਮੁਦਰਾ ਜਾਂ ਵਿਦੇਸ਼ੀ ਮੁਦਰਾ ਵਪਾਰ ਵਿੱਚ ਨਿਵੇਸ਼ ਕਰਦਾ ਹੈ, ਉਦੋਂ ਕੀਮਤ ਵਿੱਚ ਉਤਾਅ-ਚੜਾਅ ਤੋਂ ਹੋਣ ਵਾਲੇ ਨੁਕਸਾਨ ਦੇ ਸੰਭਾਵਿਤ ਜੋਖ਼ਿਮ ਨੂੰ ਮੁਦਰਾ ਜੋਖ਼ਿਮ ਕਹਿੰਦੇ ਹਨ।

## ਜੋਖ਼ਿਮ ਨੂੰ ਘੱਟ ਕਿਵੇਂ ਕੀਤਾ ਜਾ ਸਕਦਾ ਹੈ ?

ਨਿਵੇਸ਼ਕ ਵਿਭਿੰਨ ਤਰੀਕਿਆਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਨਿਵੇਸ਼ਕ ਵਿਭਿੰਨ ਖੇਤਰਾਂ ਅਤੇ ਕੰਪਨੀਆਂ ਵਿੱਚ ਆਪਣੇ ਪੋਰਟਫੋਲਿਓ ਨੂੰ ਵਰਗੀਕ੍ਰਿਤ ਕਰ ਕੇ ਜੋਖ਼ਿਮ ਨੂੰ ਘੱਟ ਕੀਤਾ ਜਾ ਸਕਦਾ ਹੈ।

## ਪ੍ਰਤੀਭੂਤੀ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ) ਵਿੱਚ ਨਿਵੇਸ਼ ਕਰਨ ਲਈ ਜ਼ਰੂਰੀ ਸ਼ਰਤਾਂ

ਸਾਧਾਰਣ (ਇਕੁਇਟੀ) ਸ਼ੇਅਰ ਵਿੱਚ ਨਿਵੇਸ਼ ਕਰਨ ਲਈ ਨਿਵੇਸ਼ਕ ਨੂੰ ਤਿੰਨ ਖਾਤੇ ਖੋਲ੍ਹਣ ਦੀ ਲੋੜ ਹੁੰਦੀ ਹੈ :

| | | |
|---|---|---|
| ਬੈਂਕ ਖਾਤਾ | ਟਰੇਡਿੰਗ ਖਾਤਾ | ਡੀਮੈਟ ਖਾਤਾ |

1) **ਬੈਂਕ ਖਾਤਾ**

2) **ਟਰੇਡਿੰਗ ਖਾਤਾ** ਜਾਂ ਬਰੋਕਿੰਗ ਖਾਤਾ : ਸਟਾਕ ਐਕਸਚੇਂਜ ਉਤੇ ਪ੍ਰਤੀਭੂਤੀਆਂ ਦੀ ਖਰੀਦ ਅਤੇ ਫ਼ਰੋਖ਼ਤ ਲਈ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਵਿੱਚ ਸੇਬੀ ਵਲੋਂ ਰਜਿਸਟਰਡ ਸਟਾਕ ਬਰੋਕਰ ਨਾਲ ਟਰੇਡਿੰਗ ਖਾਤਾ ਜਾਂ ਬਰੋਕਿੰਗ ਖਾਤਾ ਖੋਲ੍ਹਿਆ ਜਾਂਦਾ ਹੈ।ਇਨ੍ਹਾਂ ਖਾਤਿਆਂ ਦੀ ਵਰਤੋਂ ਸਟਾਕ ਐਕਸਚੇਂਜ ਉਤੇ ਪ੍ਰਤੂਭੂਤੀਆਂ ਦੀ ਖਰੀਦ ਜਾਂ ਫ਼ਰੋਖਤ ਲਈ ਕੀਤਾ ਜਾਂਦਾ ਹੈ। ਟਰੇਡਿੰਗ ਖਾਤਾ ਖੋਲ੍ਹਣ ਲਈ ਤੁਹਾਨੂੰ

ਖਾਤਾ ਖੋਲ੍ਹਣ ਦਾ ਫਾਰਮ ਭਰਨਾ ਪੈਂਦਾ ਹੈ ਅਤੇ ਨੋ ਯੋਰ ਕਲਾਇੰਟ (ਕੇਵਾਈਸੀ) ਦਸਤਾਵੇਜ ਉਤੇ ਹਸਤਾਖਰ ਕਰਨੇ ਹੁੰਦੇ ਹਨ।

**ਖਾਤਾ ਖੋਲ੍ਹਣ ਲਈ ਫਾਰਮ ਭਰਦੇ ਹੋਏ ਹੇਠ ਲਿਖਿਤ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ:**

- ਵਿਭਿੰਨ ਐਕਸਚੇਂਜਾਂ ਵਿੱਚ ਵਪਾਰ (ਟਰੇਡਿੰਗ) ਕਰਨ ਲਈ ਪਸੰਦਗੀ ਦੱਸਣ ਵੇਲੇ ਤੁਹਾਨੂੰ ਹਸਤਾਖ਼ਰ ਕਰਨੇ ਚਾਹੀਦੇ ਹਨ।
- ਤੁਹਾਨੂੰ ਤੁਹਾਡੇ ਖਾਤੇ ਉਤੇ ਲਾਗੂ ਹੋਣ ਵਾਲੇ ਸਾਰੇ ਭੁਗਤਾਨ /ਫੀਸ / ਬਰੋਕੇਜ ਬਾਰੇ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਅਤੇ ਉਸ ਦਾ ਰਿਕਾਰਡ ਵੀ ਰੱਖਣਾ ਚਾਹੀਦਾ ਹੈ।
- ਇਸ ਤੋਂ ਇਲਾਵਾ, ਇਸੇ ਫਾਰਮ ਵਿੱਚ, ਵਿਭਿੰਨ ਐਕਸਚੇਂਜਾਂ ਅਤੇ ਹਿੱਸਿਆਂ (ਨਕਦ, ਐਫ ਐਂਡ ਓ, ਕਰੇਂਸੀ ਡੈਰੀਵੇਟਿਵੇਜ਼ ਜਾਂ ਹੋਰ ਕਈ ਹਿੱਸਿਆਂ) ਵਿੱਚ ਟਰੇਡਿੰਗ ਲਈ ਆਪਣੀ ਪਸੰਦ ਦੱਸਣੀ ਹੋਏਗੀ।ਡੈਰੀਵੇਟਿਵੇਜ਼ ਵਿੱਚ ਟਰੇਡਿੰਗ ਕਰਨ ਲਈ ਡੈਰੀਵੇਟਿਵੇਜ਼ ਉਤਪਾਦਾਂ (ਪ੍ਰੋਡਕਟਸ) ਨੂੰ ਸਮਝਣਾ ਜ਼ਰੂਰੀ ਹੈ।
- ਹਾਲਾਂਕਿ ਜੇ ਤੁਸੀਂਚਾਹੋ ਤਾਂ ਚਲੰਤ ਖਾਤੇ ਨਾਲ ਤੁਹਾਨੂੰ ਇਕ ਹੋਰ ਵਾਧੂ ਸੁਵਿਧਾ, ਮਿਲ ਸਕਦੀ ਹੈ, ਜਿਵੇਂ ਕਿ ਪਾਵਰ ਆਫ ਅਟਰਨੀਭਾਵ ਮੁਖ਼ਤਾਰਨਾਮਾ ਆਦਿ।ਜਿਸ ਰਾਹੀਂ ਤੁਸੀਂ ਭਵਿੱਖ ਵਿੱਚ ਕਿਸੇ ਵੀ ਵਿਵਾਦ ਨੂੰ ਟਾਲਣ ਲਈ ਸਟਾਕ ਬਰੋਕਰ ਜਾਂ ਦਲਾਲ ਨੂੰਆਪਣੇ ਵਲੋਂ ਮੁਖ਼ਤਾਰਨਾਮੇ ਰਾਹੀਂ ਵਿਸ਼ੇਸ਼ ਅਧਿਕਾਰ ਦੇ ਸਕਦੇ ਹੋ।
- ਖਾਤਾ ਖੋਲ੍ਹਦੇ ਹੋਏ ਫਾਰਮ ਵਿੱਚ ਤੁਹਾਨੂੰ ਤੁਹਾਡਾ ਈਮੇਲ ਅਡ੍ਰੈਸ ਅਤੇ ਮੋਬਾਈਲ ਨੰਬਰ ਦੱਸਣਾ ਹੋਏਗਾ। ਬਰੋਕਰ ਅਤੇ ਸਟਾਕ ਐਕਸਚੇਂਜ ਇਸ ਦੀ ਵਰਤੋਂ ਤੁਹਾਨੂੰ ਟਰੇਡਿੰਗ ਸੰਬੰਧੀ ਨਵੀਨ ਜਾਣਕਾਰੀ ਦੇਣ ਲਈ ਕਰਦਾ ਹੈ, ਜੋ ਤੁਹਾਡੇ ਲਈ ਬਹੁਤ ਮਹੱਤਵਪੂਰਣ ਹੁੰਦੀ ਹੈ।
- ਤੁਹਾਨੂੰ ਹਮੇਸ਼ਾ ਆਪਣਾ ਖਾਤਾ ਖੋਲ੍ਹਣ ਦੇ ਪਹਿਲੇ ਫਾਰਮ ਦੀ ਭਰੀ ਹੋਈ ਕਾਪੀ ਆਪਣੇ ਰਿਕਾਰਡ ਵਿੱਚ ਰੱਖਣ ਲਈ ਲੈ ਲੈਣੀ ਚਾਹੀਦੀ ਹੈ।

3). ਡੀਮੈਟ ਖਾਤੇ ਰਾਹੀਂ ਤੁਹਾਨੂੰ ਸਿਕਓਰਿਟੀਜ਼ ਨੂੰ ਅਭੌਤਿਕ / ਬਿਜਲਾਈ ਰੂਪ ਵਿੱਚ ਰੱਖਣ ਦੀ ਸੁਵਿਧਾ ਮਿਲਦੀ ਹੈ।ਡੀਮੈਟ ਖਾਤਾ ਕਿਸੇ ਵੀ ਡਿਪੋਜ਼ਿਟਰੀ ਦੇ ਡਿਪੋਜ਼ਿਟਰੀ ਹਿੱਸੇਦਾਰੀ (ਡੀਪੀ) ਵਿੱਚ ਖੋਲ੍ਹਿਆ ਜਾ ਸਕਦਾ ਹੈ।

## ਬੁਨਿਆਦੀ ਸੇਵਾਵਾਂ ਵਾਲਾ ਡੀਮੈਟ ਖਾਤਾ (ਬੀਐਸਡੀਏ) :

ਬੁਨਿਆਦੀ ਸੇਵਾਵਾਂ ਵਾਲਾ ਡੀਮੈਟ ਖਾਤਾ ਉਨ੍ਹਾਂ ਵਿਅਕਤੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਸਿਰਫ਼ ਇਕੋ ਹੀ ਡੀਮੈਟ ਖਾਤਾ (ਸਾਰੀਆਂ ਡਿਪੋਜ਼ਿਟਰੀਆਂ ਵਿਚੋਂ) ਹੁੰਦਾ ਹੈ ਅਤੇ ਜਿਨ੍ਹਾਂ ਦਾ ਮੁੱਲ ਕਰਜ਼ ਪ੍ਰਤੀਭੂਤੀਆਂ ਅਤੇ ਗ਼ੈਰ ਕਰਜ਼ ਪ੍ਰਤੀਭੂਤੀਆਂ ਕਿਸੇ ਵੀ ਵੇਲੇ, ਦੋਵਾਂ ਵਿੱਚ 2 ਲੱਖ ਤੋਂ ਵੱਧ ਨਾ ਹੋਵੇ।

ਬੀਐਸਡੀਏ ਦੇ ਸਾਲਾਨਾ ਰੱਖ ਰਖਾਵ ਦੀ ਫੀਸ (ਏਐਮਸੀ) ਇਸ ਪ੍ਰਕਾਰ ਹੈ :

| ਸਿਕਓਰਿਟੀਜ਼(ਪ੍ਰਤੀਭੂਤੀਆਂ) ਦੇ ਪ੍ਰਕਾਰ | ਹੋਲਡਿੰਗਜ਼ ਦੀ ਸਲੈਬ ਕੀਮਤ | ਫੀਸ |
|---|---|---|
| ਗ਼ੈਰ ਡੇਬਿਟ ਪ੍ਰਤੀਭੂਤੀਆਂ ਲਈ | 50,000 ਤਕ | ਏਐਮਸੀ ਨਹੀਂ |
| ਡੇਬਿਟ (ਕਰਜ਼) ਪ੍ਰਤੀਭੂਤੀਆਂ | 1,00,000/- ਤਕ | ਏਐਮਸੀ ਨਹੀਂ |
| | 1,00,001 ਤੋਂ 2,00,000/- | 100 ਰੁਪਏ ਤਕ |

ਇਸ ਨਾਲ ਸੰਬੰਧਤ ਨਵੇਂ ਨਿਯਮਾਂ ਲਈ ਸੇਬੀ ਜਾਂ ਸੰਬੰਧਤ ਡਿਪੋਜ਼ਿਟਰੀ ਦੀ ਵੇਬਸਾਈਟ ਉਤੇ ਜਾਂਚ ਕਰ ਸਕਦੇ ਹੋ।

ਉਕਤ ਤਿੰਨ ਖਾਤਿਆਂ (ਬੈਂਕ ਖਾਤਾ, ਡੀਮੈਟ ਖਾਤਾ ਅਤੇ ਟਰੇਡਿੰਗ ਖਾਤਾ) ਦੇ ਸੰਯੋਜਨ ਨੂੰ ਥ੍ਰੀ-ਇਨ-ਵਨ (3-1) ਖਾਤਾ ਕਿਹਾ ਜਾਂਦਾ ਹੈ। ਨਿਵੇਸ਼ਕ ਉਪੱਰ ਉਲੇਖਿਤ ਖਾਤਾ ਅਲਗ ਰੂਪ ਤੋਂ ਖੋਲ੍ਹ ਸਕਦੇ ਹਨ ਜਾਂ ਇਕ ਹੀ ਸੇਟ ਵਿਚੋਂ ਤਿੰਨੋਂ ਖਾਤਾ ਖੋਲ੍ਹਣ ਦੀ ਸੁਵਿਧਾ ਲਈ ਡਿਪੋਜ਼ਿਟਰੀ ਸਹਿਭਾਗੀਆਂ ਅਤੇ ਸੰਸਥਾਨਾਂ ਨਾਲ ਸੰਪਰਕ ਕਰ ਸਕਦੇ ਹਨ।

ਸੇਬੀ ਵਿੱਚ ਰਜਿਸਟਰਡ ਸਟਾਕ ਬਰੋਕਰਜ਼ ਅਤੇ ਡਿਪਾਜ਼ਿਟਰੀ ਸਹਿਭਾਗੀਆਂ ਦੀ ਸੂਚੀ ਸੇਬੀ ਦੀ ਅਧਿਕਾਰਿਤ ਵੇਬਸਾਈਟ (www.sebi.gov.in) ਜਾਂ ਸੰਬੰਧਤ ਸਟਾਕ ਐਕਸਚੇਂਜਾਂ ਜਾਂ ਡਿਪੋਜ਼ਿਟਰੀ ਦੀ ਵੇਬਸਾਈਟ ਉਤੇ ਪ੍ਰਾਪਤ ਹੁੰਦੀ ਹੈ।

## ਇਕ ਖਾਤਾ ਖੋਲ੍ਹਣ ਲਈ ਪ੍ਰਕ੍ਰਿਆ : ਨੋ ਯੋਰ ਕਲਾਇੰਟ (ਕੇਵਾਈਸੀ) ਪ੍ਰਕ੍ਰਿਆ :

ਡੀਮੈਟ / ਟਰੇਡਿੰਗ / ਬੈਂਕ ਖਾਤਾ ਖੋਲ੍ਹਣ ਲਈ ਤੁਹਾਨੂੰ ਨੋ ਯੋਰ ਕਾਲਇੰਟ (ਕੇਵਾਈਸੀ) ਦਸਤਾਵੇਜ ਦਾਖਿਲ ਕਰਨੇ ਹੁੰਦੇ ਹਨ । ਚਲੋ ਦੇਖਦੇ ਹਾਂ ਕਿ ਕੇਵਾਈਸੀ ਦਾ ਕੀ ਅਰਥ ਹੈ ਅਤੇ ਇਸ ਦੀ ਲੋੜ ਕਿਉਂ ਪੈਂਦੀ ਹੈ ?

ਮਨੀ ਲਾਂਡਰਿੰਗ ਰੋਕਣ ਐਕਟ, 2002 ਅਧੀਨ ਬਣਾਏ ਗਏ ਨਿਯਮਾਂ ਦੇ ਤਹਿਤ ਕੇਵਾਈਸੀ ਦਾ ਪਾਲਨ ਅਤਿ ਜ਼ਰੂਰੀ ਹੈ।ਡੀਮੈਟ / ਟਰੇਡਿੰਗ / ਬੈਂਕ ਖਾਤਾ ਆਦਿ ਖੋਲ੍ਹਣ ਲਈ ਸਾਰੇ ਅਧਿਕਾਰਿਤ ਦਸਤਾਵੇਜ (ਓਵੀਡੀ) ਦਾਖਿਲ ਕਰਨੇ ਲਾਜ਼ਮੀ ਹੁੰਦੇ ਹਨ, ਜਿਸ ਵਿੱਚ ਸ਼ਖ਼ਸੀਅਤ ਦੀ ਪਛਾਣ ਅਤੇ ਐਡਰੈਸ ਦੇ ਸਬੂਤ ਵਿੱਚ ਸ਼ਾਮਿਲ ਹੁੰਦਾ ਹੈ।ਇਹ ਸਾਰੇ ਦਸਤਾਵੇਜ ਕੇਵਾਈਸੀ ਦਾ ਅਹਿਮ ਹਿੱਸਾ ਹੁੰਦੇ ਹਨ।ਨਿਵੇਸ਼ਕ ਪੈਨ ਕਾਰਡ / ਯੂਨੀਕ ਆਈਡੇਂਟਿਫਿਕੇਸ਼ਨ ਨੰਬਰ (ਯੂਆਈਡੀ), ਆਧਾਰ ਕਾਰਡ/ ਪਾਸਪੋਰਟ/ ਵੋਟਰ ਆਈਡੀ ਕਾਰਡ / ਡਰਾਈਵਿੰਗ ਲਾਇਸੇਂਸ ਆਦਿ ਦਸਤਾਵੇਜਾਂ ਰਾਹੀਂ ਨਿਵੇਸ਼ਕ ਦੀ ਪਛਾਣ ਅਤੇ ਐਡਰੈਸ ਦੇ ਸਬੂਤ ਹੁੰਦੇ ਹਨ। ਇਕ ਵਾਰ ਕੇਵਾਈਸੀ ਫਾਰਮ ਦਾਖਿਲ ਕਰਦੇ ਹੀ ਇਕ ਯੂਨੀਕ ਕੇਵਾਈਸੀ ਆਈਡੀ ਨੰਬਰ (ਕੇਆਈਐਨ) ਮਿਲਦਾ ਹੈ। ਇਸ ਨੂੰ ਐਸਐਅਐਸ /ਈਮੇਲ ਰਾਹੀਂ ਗਾਹਕ ਨੂੰ ਸੂਚਿਤ ਕੀਤਾ ਜਾਂਦਾ ਹੈ। ਕੇਵਾਈਸੀ ਇਕ ਵਾਰ ਦੀ ਪ੍ਰਕ੍ਰਿਆ ਹੈ ਅਤੇ ਇਹ ਸਾਰੇ ਵਿਚੋਲਿਆਂ (ਇੰਟਰਮੀਡਿਅਰਿਜ) ਵਿੱਚ ਜਾਇਜ ਹੁੰਦੀ ਹੈ।ਇਸ ਲਈ ਤੁਹਾਨੂੰ ਪ੍ਰਤੀਭੂਤੀ ਬਾਜ਼ਾਰ ਵਿੱਚ ਕਿਸੇ ਹੋਰ ਮਾਧਿਅਮ ਜਾਂ ਵਿਚੋਲੇ ਰਾਹੀਂ ਖਾਤਾ ਖੋਲ੍ਹਣ ਲਈ ਦੁਬਾਰਾ ਇਸ ਪ੍ਰਕ੍ਰਿਆ ਤੋਂ ਲੰਘਣਾ ਨਹੀਂ ਪੈਂਦਾ।

ਸੁਝਾਓ :

- ਹਸਤਾਖ਼ਰ ਕਰਨ ਤੋਂ ਪਹਿਲਾ ਸਾਰੇ ਦਸਤਾਵੇਜਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਮਝੋ।
- ਕਿਸੇ ਵੀ ਖਾਲੀ ਦਸਤਾਵੇਜ ਉਤੇ ਹਸਤਾਖ਼ਰ ਨਾ ਕਰੋਂ।
- ਖਾਤਾ ਖੋਲ੍ਹਦੇ ਹੋਏ ਅਨੁਬੰਧ ਵਿੱਚ ਦੱਸੇ ਗਏ ‘ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ’ ਦਾ ਪਾਲਨ ਕਰੋਂ।
- ਆਪਣੇ ਖਾਤੇ ਵਿੱਚ ਹੋਏ ਸੌਦੇ ਨਾਲ ਸੰਬੰਧਤ ਸਾਰੇ ਐਸਐਮਐਸ ਅਤੇ ਈਮੇਲ ਅਲਰਟ ਹਾਸਿਲ ਕਰਨ ਲਈ ਬੈਂਕ, ਡਿਪੋਜ਼ਿਟਰੀ ਸਹਿਭਾਗੀਆਂ ਅਤੇ ਸਟਾਕ ਬਰੋਕਰਜ਼ ਜਾਂ ਦਲਾਲਾਂ ਨਾਲ ਆਪਣਾ ਮੋਬਾਈਲ ਨੰਬਰ ਅਤੇ ਈਮੇਲ ਐਡਰੈਸ ਰਜਿਸਟਰਡ ਕਰੋਂ।

## ਮੁਖ਼ਤਾਰਨਾਮਾ (ਪਾਵਰ ਆਫ ਅਟਰਨੀ) :

ਪਾਵਰ ਆਫ ਅਟਰਨੀ ਜਾਂ ਮੁਖ਼ਤਾਰਨਾਮਾ ਇਕ ਅਤਿ ਮਹਤੱਵਪੂਰਣ ਦਸਤਾਵੇਜ ਹੈ। ਮੁਖ਼ਤਾਰਨਾਮਾ ਤੁਹਾਡੇ ਅਧਿਕਾਰ, ਤੁਹਾਡਾ ਖਾਤਾ ਚਲਾਉਣ ਅਤੇ ਧਨ ਦੀ ਵਰਤੋਂ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਸਮਰੱਥ ਬਣਾਉਂਦਾ ਹੈ। ਪ੍ਰਤੀਭੂਤੀ ਬਾਜ਼ਾਰ ਵਿੱਚ ਗਾਹਕ ਸਟਾਕ ਬਰੋਕਰ/ ਡਿਪੋਜ਼ਿਟਰੀ ਸਹਿਭਾਗੀਆਂ ਦੇ ਪੱਖ ਵਿੱਚ ਮੁਖ਼ਤਾਰਨਾਮੇ (ਪੀਓਏ) ਨੂੰ ਲਾਗੂ ਕਰਦਾ ਹੈ।ਜਿਸ ਦੇ ਰਾਹੀਂ ਗਾਹਕ ਦੇ ਖਾਤਿਆਂ (ਡੀਮੈਟ, ਟਰੇਡਿੰਗ, ਬੈਂਕ ਖਾਤਾ) ਨੂੰ ਸੰਚਾਲਿਤ ਕਰਨ ਅਤੇ ਸ਼ੇਅਰਾਂ ਦੀ ਡਿਲਵਰੀ ਲਈ ਧਨ ਦੇ ਪੇਇਨ ਅਤੇ ਪੇਆਊਟ ਕਰਨ ਲਈ ਕਿਸੇ ਦੂਜੇ ਵਿਅਕਤੀ ਨੂੰ ਇਹ ਅਧਿਕਾਰ ਕਾਨੂੰਨੀ ਤੌਰ ਉਤੇ ਸੌਂਪਿਆ ਜਾਂਦਾ ਹੈ। ਸੇਬੀ ਦੇ ਦਿਸ਼ਾਨਿਰਦੇਸ਼ ਅਨੁਸਾਰ ਗਾਹਕ ਇਹ ਅਧਿਕਾਰ ਕਿਸੇ ਸਟਾਕ ਬਰੋਕਰ ਜਾਂ ਡਿਪੋਜ਼ਿਟਰੀ ਸਹਿਭਾਗੀ ਨੂੰ ਸੌਂਪ ਸਕਦਾ ਹੈ।

ਸੇਬੀ ਦੇ ਦਿਸ਼ਾਨਿਰਦੇਸ਼ ਅਨੁਸਾਰ, ਪਾਵਰ ਆਫ ਅਟਰਨੀ ਜਾਂ ਮੁਖ਼ਤਾਰਨਾਮੇ ਨੂੰ ਹਸਤਾਖ਼ਰ ਕਰ ਕੇ ਜਾਂ ਜਾਰੀ ਕਰਨਾ ਜ਼ਰੂਰੀ ਨਹੀਂ ਹੈ।ਮੁਖ਼ਤਾਰਨਾਮੇ ਵਿੱਚ ਹਸਤਾਖ਼ਰ ਕਰਨਾ ਇਕਦਮ ਸਵੈਇੱਛਤ ਤੇ ਵਿਕਲਿਪਕ ਹੈ, ਜੇ ਤੁਹਾਨੂੰ ਲੱਗਦਾ ਹੈ ਕਿ ਪਾਵਰ ਆਫ ਅਟਰਨੀ ਵਿੱਚ ਹਸਤਾਖ਼ਰ ਕਰ ਕੇ ਸੌਂਪਣਾ ਕਰਨਾ ਵਧੇਰੇ ਉਪਯੋਗੀ ਸਿੱਧ ਹੋਏਗਾ, ਤਾਂ ਤੁਸੀਂ ਇਸ ਨੂੰ ਹਸਤਾਖ਼ਰ ਕਰ ਕੇ ਹੀ ਇਸ ਦੀ ਸੌਂਪਣਾ ਕਰੋਂ। ਤੁਸੀਂ ਕਿਸੇ ਵੀ ਵੇਲੇ ਆਪਣਾ ਮੁਖ਼ਤਾਰਨਾਮਾ ਵਾਪਸ ਲੈ ਸਕਦੇ ਹੋ।

| |
|---|
| ਸਟਾਕ ਬਰੋਕਰ / ਡਿਪੋਜ਼ਿਟਰੀ ਸਹਿਭਾਗੀ ਕਿਸੇ ਨੂੰ ਵੀ ਪਾਵਰ ਆਫ ਅਟਰਨੀ ਜਾਂ ਮੁਖ਼ਤਾਰਨਾਮਾ ਸੌਂਪਣ ਤੋਂ ਪਹਿਲਾ ਕਿਰਪਾ ਕਰ ਕੇ ਸੇਬੀ / ਸਟਾਲ ਐਕਸਚੇਂਜ / ਡਿਪੋਜ਼ਿਟਰੀ ਵਲੋਂ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਨੂੰ ਇਕ ਵਾਰ ਜ਼ਰੂਰ ਪੜ੍ਹ ਲਓ, ਜੋ ਉਨ੍ਹਾਂ ਦੀ ਅਧਿਕਾਰਿਤ ਵੇਬਸਾਈਟ ਉਤੇ ਉਪਲਬੱਧ ਹੈ। ਪੁਸਤਿਕਾ ਦੇ ਅੰਤ ਵਿੱਚ ਵਿਸਤ੍ਰਿਤ ਵਿਵਰਣ ਦਿੱਤਾ ਗਿਆ ਹੈ। |

## ਨਾਮਜ਼ਦਗੀ ਜਾਂ ਮਨੋਨੀਤ ਕਰਨਾ

ਮਨੋਨੀਤ ਇਕ ਅਜਿਹੀ ਸੁਵਿਧਾ ਹੈ, ਜਿਸ ਦੇ ਰਾਹੀਂ ਇਕ ਨਿਵੇਸ਼ਕ ਨਿਜੀ ਪੱਧਰ ਉਤੇ, ਕਿਸੇ ਇਕ ਵਿਅਕਤੀ ਨੂੰ ਨਾਮਜ਼ਦ ਜਾਂ ਮਨੋਨੀਤ ਕਰ ਸਕਦਾ ਹੈ, ਜੋ ਨਿਵੇਸ਼ਕ ਦੀ ਮੌਤ ਹੋ ਜਾਣ ਦੀ ਸਥਿਤੀ ਵਿੱਚ ਉਸ ਵਲੋਂ ਧਾਰਿਤ ਕੀਤੀਆਂ ਗਈਆਂ

ਪ੍ਰਤੀਭੂਤੀਆਂ ਜਾਂ ਨਿਸਤਾਰਾ ਕਰਨ(ਰਿਡੰਪੇਸ਼ਨ ਪ੍ਰਕ੍ਰਿਆ) (ਵਿਸ਼ੇਸ਼ ਕਰ ਮਿਉਚੁਅਲ ਫੰਡ ਯੂਨਿਟ ਸੰਬੰਧੀ) ਲਈ ਦਾਵਾ ਕਰ ਸਕਦਾ ਹੈ।

## ਮੈਂ ਪ੍ਰਤੀਭੂਤੀ (ਸਿਕਓਰਿਟੀਜ਼ ਮਾਰਕੀਟ) ਬਾਜ਼ਾਰ ਵਿੱਚ ਕਿਵੇਂ ਨਿਵੇਸ਼ ਕਰ ਸਕਦਾ ਹਾਂ ?

ਪ੍ਰਤੀਭੂਤੀ ਬਾਜ਼ਾਰ ਵਿੱਚ ਨਿਵੇਸ਼ ਕਰਨ ਦੇ ਕਈ ਤਰੀਕੇ ਹਨ, ਜਿਵੇਂ ਕਿ :

### 1) ਪ੍ਰਾਇਮਰੀ ਬਾਜ਼ਾਰ ਰਾਹੀਂ ਨਿਵੇਸ਼ ਕਰਨਾ

ਜਦੋਂ ਇਕ ਜਾਰੀਕਰਤਾ ਕੰਪਨੀ ਜਨਤਕ ਤੌਰ ਉਤੇ ਆਮ ਵਿਅਕਤੀਆਂ ਲਈ ਸ਼ੇਅਰ ਜਾਰੀ ਕਰਦੀ ਹੈ ਤਾਂ ਤੁਸੀਂ ਇਸ ਦੇ ਲਈ ਜ਼ਰੂਰੀ ਆਵੇਦਨ ਫਾਰਮ ਦਾਖਿਲ ਕਰ ਕੇ ਸ਼ੇਅਰਾਂ ਲਈ ਆਵੇਦਨ ਕਰ ਸਕਦੇ ਹੋ। ਪ੍ਰਤੀਭੂਤੀਆਂ ਜਾਰੀ ਕਰਨ ਲਈ ਜਾਰੀਕਰਤਾ ਕੰਪਨੀ ਨੂੰ ਕਈ ਸ਼ਰਤਾਂ ਤੇ ਨਿਯਮਾਂ ਆਦਿ ਦਾ ਪਾਲਨ ਕਰਨਾ ਪੈਂਦਾ ਹੈ।ਨਿਰਧਾਰਿਤ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਸ਼ੇਅਰਾਂ ਦਾ ਨਿਰਧਾਰਣ ਕੀਤਾ ਜਾਂਦਾ ਹੈ। ਨਿਰਧਾਰਿਤ ਕੀਤੇ ਸ਼ੇਅਰ ਡਿਪੋਜ਼ਿਟਰੀ ਸਹਿਭਾਗੀ (ਡੀਪੀ) ਨਾਲ ਬਣਾਏ ਗਏ ਤੁਹਾਡੇ ਡੀਮੈਟ ਖਾਤੇ ਵਿੱਚ ਜਮ੍ਹਾ ਹੋਣਗੇ। ਹਾਲਾਂਕਿ, ਇਕ ਨਿਵੇਸ਼ਕ ਜੇ ਆਪਣੀ ਪ੍ਰਤੀਭੂਤੀ ਨੂੰ ਸਥੂਲ ਰੂਪ ਵਿੱਚ ਰੱਖਣਾ ਚਾਹੁੰਦਾ ਹੋਵੇ ਤਾਂ ਉਹ ਇਸ ਦਾ ਪ੍ਰਗਟਾਵਾ ਆਵੇਦਨ ਭਰਦੇ ਸਮੇਂ ਕਰ ਸਕਦਾ ਹੈ।ਪ੍ਰਤੀਭੂਤੀਆਂ ਦਾ ਨਿਰਧਾਰਣ ਡੀਮੈਟ ਫਾਰਮ ਵਿੱਚ ਹੋਏਗਾ ਅਤੇ ਉਸ ਤੋਂ ਬਾਦ ਨਿਵੇਸ਼ਕ ਉਸ ਨੂੰ ਸਥੂਲ ਰੂਪ ਵਿੱਚ ਪਰਿਵਰਤਿਤ ਕਰ ਸਕਦਾ ਹੈ। ਜਨਤਕ ਤੌਰ ਉਤੇ ਜਾਰੀ ਬੰਦ ਹੋਣ ਤੇ ਇਨ੍ਹਾਂ ਸ਼ੇਅਰਾਂ ਦੀ ਟਰੇਡਿੰਗ ਕਰਨ ਲਈ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਉਤੇ ਸੂਚੀਬੱਧ ਕੀਤੇ ਜਾਂਦੇ ਹਨ।

ਕਿਰਪਾ ਕਰ ਕੇ ਧਿਆਨ ਰੱਖੋ :
ਸੇਬੀ ਵਲੋਂ ਦਿੱਤੇ ਗਏ ਨਵੀਨ ਦਿਸ਼ਾਨਿਰਦੇਸ਼ਾਂ ਅਨੁਸਾਰ, ਤੁਸੀਂ ਸ਼ੇਅਰ ਸਰਟੀਫਿਕੇਟ ਦੇ ਰੂਪ ਵਿੱਚ ਸਥੂਲ (ਫਿਜਿਕਲ) ਰੂਪ ਜਾਂ ਡੀਮੈਟ ਰੂਪ ਵਿੱਚ ਪ੍ਰਤੀਭੂਤੀਆਂ ਦੀ ਧਾਰਿਤਾ ਰੱਖ ਸਕਦੇ ਹੋ । ਹਾਲਾਂਕਿ, 1 ਅਪਰੈਲ, 2019 ਦੀ ਪ੍ਰਭਾਵੀ ਮਿਤੀ ਤੋਂ ਪ੍ਰਤੀਭੂਤੀਆਂ ਡੀਮੈਟ ਫੋਰਮ ਵਿੱਚ ਹੀ ਟਰਾਂਸਫਰ ਕੀਤੇ ਜਾਣਗੇ। ਇਸ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਕ ਡੀਮੈਟ ਖਾਤਾ ਖੋਲ੍ਹਿਆ ਜਾਏ ਅਤੇਸਾਰੇ ਡੀਮੈਟ ਫੋਰਮਾਂ ਵਿੱਚ ਹੀ ਸਾਰੀਆਂ ਪ੍ਰਤੀਭੂਤੀਆਂ ਜਾਂ ਸਿਕਓਰਿਟੀਜ਼ ਨੂੰ ਰੱਖੋਂ। ਕਾਨੂੰਨੀ

ਵਾਰਿਸ ਨੂੰ ਸ਼ੇਅਰ ਟਰਾਂਸਫਰ ਕਰਦੇ ਹੋਏ ਇਹ ਨਿਯਮ ਲਾਗੂ ਨਹੀਂ ਹੁੰਦਾ।

## ਪ੍ਰਾਇਮਰੀ ਬਾਜ਼ਾਰ ਵਿੱਚ ਨਿਵੇਸ਼ ਕਰਨ ਦੀ ਪ੍ਰਕ੍ਰਿਆ

ਪ੍ਰਾਇਮਰੀ ਬਾਜ਼ਾਰ ਵਿੱਚ ਜਨਤਕ ਤੌਰ ਉਤੇ ਜਾਰੀ ਸ਼ੇਅਰਾਂ ਨੂੰ ਤੁਸੀਂ ਆਵੇਦਨ ਫਾਰਮ ਭਰ ਕੇ ਸਿੱਧੇ ਹੀ ਕੰਪਨੀ ਦੇ ਸ਼ੇਅਰਾਂ ਨੂੰ ਖਰੀਦ ਸਕਦੇ ਹੋ ਅਤੇ ਮੈਂਬਰਸ਼ਿਪ ਲਈ ਭੁਗਤਾਨ ਕਰ ਸਕਦੇ ਹੋ। ਆਵੇਦਨ ਫਾਰਮ ਵਿੱਚ ਵਿੱਚ ਤੁਹਾਨੂੰ ਆਪਣਾ ਨਾਂ, ਸਿਰਨਾਵਾਂ (ਅਡ੍ਰੈਸ), ਆਵੇਦਨ ਕੀਤੇ ਗਏ ਸ਼ੇਅਰਾਂ ਦੀ ਗਿਣਤੀ, ਬੈਂਕ ਖਾਤੇ ਦਾ ਪੂਰਾ ਬਿਓਰਾ, ਡੀਮੈਟ ਖਾਤਾ ਜਿਸ ਵਿੱਚ ਸ਼ੇਅਰ ਜਮ੍ਹਾ ਕੀਤੇ ਜਾਂਦੇ ਹਨ ਆਦਿ ਵਿਵਰਣ ਭਰਨੇ ਜ਼ਰੂਰੀ ਹੁੰਦੇ ਹਨ। ਜੋ ਨਿਵੇਸ਼ਕ ਆਈਪੀਓ ਵਿੱਚ ਨਿਵੇਸ਼ ਕਰਨ ਦੀ ਇੱਛਾ ਰੱਖਦੇ ਹਨ, ਤਾਂ ਉਹ ਏਐਸਬੀਏ ਦੇ ਜ਼ਰੀਏ ਆਵੇਦਨ ਕਰ ਸਕਦੇ ਹੋ।ਇਸ ਦੇ ਲਈ ਯੂਨੀਫਾਈਡ ਪੇਮੇਂਟ ਇੰਟਰਫੇਸ (ਯੂਪੀਆਈ) ਜਿਹੀ ਭੁਗਤਾਨ ਵਿਧੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।(ਜੋ ਇਸ ਪੁਸਤਿਕਾ ਦੇ ਅੰਤ ਵਿੱਚ ਵਿਸਤਾਰ ਦਿੱਤੀ ਗਈ ਹੈ।) ਇਸ ਤੋਂ ਬਾਦ ਨਿਵੇਸ਼ਕਾਂ ਔਨਲਾਈਨ ਫਾਰਮ ਭਰ ਕੇ, ਆਪਣੀ ਪਸੰਦ ਨਾਲ ਸ਼ੇਅਰਾਂ ਦੀ ਚੋਣ ਕਰ ਸਕਦੇ ਹਨ। ਇਸ ਤੋਂ ਬਾਦ, ਨਿਵੇਸ਼ਕਦੇ ਬੈਂਕ ਖਾਤੇ ਦੀ ਰਕਮ ਨੂੰ ਰੋਕ (ਬਲੌਕ) ਦਿੱਤਾ ਜਾਂਦਾ ਹੈ। ਆਈਪੀਓ ਦੀ ਸੂਚੀਬੱਧਤਾ ਦੀ ਸੰਪੂਰਣ ਪ੍ਰਕ੍ਰਿਆ ਵਿੱਚ, ਕਾਰਜਸ਼ੀਲ 6 ਦਿਨ ਲੱਗਦੇ ਹਨ। ਸ਼ੇਅਰ ਸੂਚੀਬੱਧ ਹੋਣ ਤੋਂ ਬਾਦ ਕੀਮਤ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ ਅਤੇ ਨਿਵੇਸ਼ਕਾਂ ਨੂੰ ਸ਼ੇਅਰ ਨਿਰਧਾਰਿਤ (ਅਲਾਟ) ਕੀਤੇ ਜਾਂਦੇ ਹਨ।ਡੀਮੈਟ ਖਾਤੇ ਵਿੱਚ ਸ਼ੇਅਰ ਆ ਜਾਣ ਤੋਂ ਬਾਦ ਉਨ੍ਹਾਂ ਦੇ ਸੇਵਿੰਗ ਖਾਤੇ ਤੋਂ ਰਕਮਡੇਬਿਟ ਹੋ ਜਾਂਦੀ ਹੈ। ਕਿਸੇ ਵੀ ਨਿਵੇਸ਼ਕ ਨੂੰ ਸ਼ੇਅਰ ਨਿਰਧਾਰਿਤ ਨਹੀਂ ਕੀਤੇ ਗਏ ਹੋ, ਅਜਿਹੇ ਮਾਮਲਿਆਂ ਵਿੱਚ ਉਨ੍ਹਾਂ ਦੇ ਖਾਤੇ ਵਿੱਚ ਬਲੌਕ ਕੀਤੀ ਗਈ ਰਕਮ ਨੂੰ ਮੁਕਤ ਕਰ ਦਿੱਤਾ ਜਾਂਦਾ ਹੈ।

ਸਾਵਧਾਨੀ :
-ਪ੍ਰਾਇਮਰੀ ਬਾਜ਼ਾਰ ਵਿੱਚ ਕਿਸੇ ਵੀ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਨ ਤੋਂ ਪਹਿਲਾ ਆਫਰ ਦਸਤਾਵੇਜ / ਪ੍ਰਾਸਪੈਕਟਸ ਨੂੰ ਧਿਆਨ ਨਾਲ ਪੜ੍ਹੋ।
-ਜਨਤਕ ਤੌਰ ਉਤੇ ਜਾਰੀ ਸ਼ੇਅਰਾਂ (ਆਈਪੀਓ) ਆਵੇਦਨ ਕਰਦੇ ਹੋਏ ਉਨ੍ਹਾਂ ਦੀ ਮੁੱਲ ਸੀਮਾ ਅਤੇ ਸ਼ੇਅਰਾਂ ਦੀ ਗਿਣਤੀ ਦਾ ਧਿਆਨ ਰੱਖੋਂ।
-ਆਈਪੀਓਲਈ ਆਵੇਦਨ ਕਰਦੇ ਹੋਏ ਸ਼ੇਅਰਾਂ ਦੀ ਕੀਮਤ ਉਤੇ ਜ਼ਰੂਰ ਧਿਆਨ

ਰੱਖੋ।
-ਬਾਜ਼ਾਰ ਭਾਵਨਾਵਾਂ ਦੇ ਆਧਾਰ ਉਤੇ ਨਿਵੇਸ਼ ਨਾ ਕਰੋਂ, ਬਲਕਿ ਕੰਪਨੀ ਦੇ ਬਾਰੇ ਵਿਸ਼ਲੇਸ਼ਣ ਕਰਨ ਤੋਂ ਬਾਦ ਹੀ ਨਿਵੇਸ਼ ਕਰੋਂ।

## ਰੋਕੀ ਗਈ ਰਕਮ ਨੂੰ ਆਵੇਦਨ ਰਾਹੀਂ ਸਮਰਥਿਤ ਕਰਨਾ (ਐਪਲੀਕੇਸ਼ਨ ਸਪੋਟਰਡ ਬਾਏ ਬਲੌਕ ਅਕਾਊਂਟ (ਏਐਸਬੀਏ):

ਨਿਵੇਸ਼ਕ ਪ੍ਰਤੀਭੂਤੀਆਂ ਲਈ ਏਐਸਬੀਏ ਦੇ ਜ਼ਰੀਏ ਆਈਪੀਓ ਵਿੱਚ ਆਵੇਦਨ ਕਰ ਸਕਦੇ ਹਨ। ਏਐਸਬੀਏ ਵਿੱਚ, ਜਿੰਨੇ ਸ਼ੇਅਰਾਂ ਲਈ ਆਵੇਦਨ ਕੀਤਾ ਗਿਆ ਹੋਵੇ, ਉਤਨੇ ਹੀ ਸ਼ੇਅਰਾਂ ਦੀ ਰਕਮ ਤੁਹਾਡੇ ਖਾਤੇ ਵਿਚੋਂ ਬਲੌਕ ਕੀਤੀ ਜਾ ਸਕਦੀ ਹੈ, ਪਰਤੂੰ ਸ਼ੇਅਰ ਨਿਰਧਾਰਣ ਤਕ ਇਹ ਰਕਮ ਤੁਹਾਡੇ ਹੀ ਖਾਤੇ ਵਿੱਚ ਰਹੇਗੀ। ਸ਼ੇਅਰ ਦੇ ਨਿਰਧਾਰਣ ਤੋਂ ਮਗਰੋਂ, ਤੁਹਾਡੇ ਖਾਤੇ ਵਿਚੋਂ ਉਤਨੀ ਰਕਮ ਡੇਬਿਟ ਹੋ ਜਾਂਦੀ ਹੈ।ਗ਼ੈਰ ਨਿਰਧਾਰਣ ਦੇ ਮਾਮਲੇ ਵਿੱਚ ਧਨ ਵਾਪਸੀ ਦੀ ਲੋੜ ਨਹੀਂ ਹੁੰਦੀ ਅਤੇ ਰੋਕੀ ਜਾਂ ਬਲੌਕ ਕੀਤੀ ਗਈ ਰਕਮ ਉਤੇ ਤੁਹਾਨੂੰ ਵਿਆਜ ਮਿਲਦਾ ਰਹਿੰਦਾ ਹੈ। ਇਸਲਈ ਆਈਪੀਓ ਦੇ ਆਵੇਦਨ ਲਈ ਚੈਕ ਭੇਜਣ ਦੀ ਬਜਾਏ ਤੁਸੀਂ ਆਪ ਸਿਰਫ਼ ਏਐਸਬੀਏ ਰਾਹੀਂ ਆਵੇਦਨ ਕਰ ਸਕਦੇ ਹੋ।ਇਸ ਦੀ ਸੁਵਿਧਾ ਚੁਣੇ ਗਏ ਬੈਂਕਾਂ ਦੀਆਂ ਕੁਝ ਸ਼ਾਖਾਵਾਂ ਰਾਹੀਂ ਹੀ ਦਿੱਤੀ ਜਾਂਦੀ ਹੈ। ਸੇਬੀ ਦੀ ਵੇਬਸਾਈਟ ਉਤੇ ਅਜਿਹੀਆਂ ਸ਼ਾਖਾਵਾਂ ਦੀ ਸੂਚੀ ਦੇਖੀ ਜਾ ਸਕਦੀ ਹੈ। ਨਿਵੇਸ਼ਕ ਹੁਣ ਭੁਗਤਾਨ ਪ੍ਰਣਾਲੀ ਦੇ ਰੂਪ ਵਿੱਚ ਯੂਨੀਫਾਈਡ ਪੇਮੇਂਟ ਇੰਟਰਫੇਸ (ਯੂਪੀਆਈ) ਦੀ ਵਰਤੋਂ ਕਰ ਕੇ ਆਈਪੀਓ ਵਿੱਚ ਨਿਵੇਸ਼ ਕਰ ਸਕਦੇ ਹਨ। ਯੂਪੀਆਈ ਦੀ ਵਰਤੋਂ ਕਰਨ ਦੀ ਪ੍ਰਕ੍ਰਿਆ ਅਨੁਬੰਧ-4 ਵਿੱਚ ਦੱਸੀ ਗਈ ਹੈ।

### 2). ਗ਼ੌਣ ਬਾਜ਼ਾਰ ਰਾਹੀਂ ਨਿਵੇਸ਼ਕ ਕਰਨਾ :

ਸਟਾਕ ਬਰੋਕਰ ਨਾਲ ਇਕ ਵਾਰ ਖਾਤਾ ਖੋਲ੍ਹਣ ਤੋਂ ਬਾਦ ਤੁਸੀਂ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ, ਜਿੱਥੇ ਤੁਸੀਂ ਸ਼ੇਅਰ ਸੂਚੀਬੱਧ ਕੀਤੇ ਜਾਂਦੇ ਹਨ, ਉਥੋਂ ਉਨ੍ਹਾਂ ਦਾ ਟਰੇਡ ਕੀਤਾ ਜਾ ਸਕਦਾ ਹੈ।ਉਥੇ ਸਟਾਕ ਬਰੋਕਰਾਂ ਦੇ ਜ਼ਰੀਏ ਸ਼ੇਅਰਾਂ ਦੀ ਖਰੀਦ ਅਤੇ ਫ਼ਰੋਖ਼ਤ ਕਰ ਸਕਦੇ ਹਨ। ਤੁਸੀਂ ਬਰੋਕਰ ਦੀ ਵੇਬਸਾਈਟ ਉਤੇ ਜਾ ਕੇ ਔਨਲਾਈਨ ਟਰੇਡਿੰਗ ਅਕਾਊਂਟ, ਬਰੋਕਰ ਦੀ ਮੋਬਾਈਲ ਟਰੇਡਿੰਗ ਐਪ ਅਤੇ ਫੋਨ ਦੀ ਵਰਤੋਂ ਕਰ ਸਕਦੇ ਹੋ ਜਾਂ ਫਿਰ ਬਰੋਕਰ ਦੇ ਆਫਿਸ ਵਿੱਚ ਮੁਲਾਕਾਤ ਕਰ ਕੇ ਪ੍ਰਤੀਭੂਤੀ ਦੀ ਖਰੀਦ ਅਤੇ ਫ਼ਰੋਖ਼ਤ ਲਈ ਆਰਡਰ ਦੇ ਸਕਦੇ ਹੋ।

**ਆਰਡਰ ਦੇਣ ਦੇ ਤਰੀਕੇ :**

**ਐਕਸਚੇਂਜ ਤੋਂ ਹੀ ਸਟਾਕ ਖਰੀਦੋਂ-**

1. ਮੋਬਾਈਲ ਟਰੇਡਿੰਗ ਐਪ ਰਾਹੀਂ
2. ਔਨਲਾਈਨ ਟਰੇਡਿੰਗ ਅਕਾਊਂਟ
3. ਫੋਨ ਰਾਹੀਂ ਆਰਡਰ ਦਿਓ
4. ਬਰੋਕਰ ਦੇ ਆਫਿਸ ਜਾ ਕੇ ਆਰਡਰ ਦਿਓ।

ਸਾਵਧਾਨੀ :

- ਸੇਬੀ ਵਲੋਂ ਰਜਿਸਟਰਡ ਸਟਾਕ ਬਰੋਕਰ ਜਾਂ ਅਧਿਕਾਰਿਤ ਵਿਅਕਤੀ ਰਾਹੀਂ ਹੀ ਸ਼ੇਅਰਾਂ ਦੀ ਖਰੀਦ ਜਾਂ ਫ਼ਰੋਖ਼ਤ ਕਰਨੀ ਚਾਹੀਦੀ ਹੈ।
- ਗ਼ੌਣ ਬਾਜ਼ਾਰ ਵਿੱਚ ਟਰੇਡਿੰਗ ਵੇਲੇ ਤੁਹਾਡੇ ਵਲੋਂ ਬਰੋਕਰ ਨੂੰ ਦਿੱਤੇ ਗਏ ਆਰਡਰ ਦਾ ਰਿਕਾਰਡ ਰੱਖਣਾ ਚਾਹੀਦਾ ਹੈ।

**ਵਪਾਰਕ ਜਾਂ ਟਰੇਡਿੰਗ ਦਿਨ ਅਤੇ ਟਰੇਡਿੰਗ ਤੇ ਬੰਦੋਬਸਤ ਚੱਕਰ :**

ਸਟਾਕ ਐਕਸਚੇਂਜਾਂ ਵਿੱਚ ਸ਼ਨੀਚਰਵਾਰ ਅਤੇ ਐਤਵਾਰ ਤੋਂ ਇਲਾਵਾ, ਘੋਸ਼ਿਤ ਛੁੱਟੀਆਂ ਨੂੰ ਛੱਡ ਕੇ ਹਫ਼ਤੇ ਦੇ ਸਾਰੇ ਦਿਨਾਂ ਵਿੱਚ ਟਰੇਡਿੰਗ ਕੀਤੀ ਜਾਂਦੀ ਹੈ।

ਸ਼ੇਅਰਾਂ ਦੀ ਖਰੀਦ ਦੇ ਮਾਮਲਿਆਂ ਵਿੱਚ, ਤੁਹਾਨੂੰ ਸੰਬੰਧਤ ਬੰਦੋਬਸਤ ਲਈ ਪੇ-ਇਨ ਦਿਨ ਤੋਂ ਪਹਿਲਾ ਆਪਣੇ ਸਟਾਕ ਬਰੋਕਰ ਦੇ ਬੈਂਕ ਖਾਤੇ ਵਿੱਚ ਭੁਗਤਾਨ ਕਰਨਾ ਹੁੰਦਾ ਹੈ। ਇਸੇ ਤਰ੍ਹਾਂ, ਸ਼ੇਅਰਾਂ ਦੀ ਵਿਕਰੀ ਦੇ ਮਾਮਲਿਆਂ ਵਿੱਚ, ਤੁਹਾਨੂੰ ਸੰਬੰਧਤ ਬੰਦੋਬਸਤ ਲਈ ਪੇ-ਇਨ ਦਿਨ ਤੋਂ ਪਹਿਲਾ ਬਰੋਕਰ ਦੇ ਡੀਮੈਟ ਖਾਤੇ ਵਿੱਚ ਸ਼ੇਅਰਾਂ ਦੀ ਡਿਲੀਵਰੀ ਕਰਨੀ ਹੋਏਗੀ।

**ਪੇ-ਇਨ ਅਤੇ ਪੇ-ਆਊਟ ਦਿਨ ਕੀ ਹੈ ?**

ਬਰੋਕਰ ਜਿਸ ਦਿਨ ਐਕਸਚੇਂਜ ਵਿੱਚ ਪ੍ਰਤੀਭੂਤੀਆਂ ਜਾਂ ਸਿਕਓਰਿਟੀਜ਼ ਦੀ ਡਿਲੀਵਰੀ ਕਰਦਾ ਜਾਂ ਕਲੀਅਰਿੰਗ ਕਾਰਪੋਰੇਸ਼ਨ ਵਿੱਚ ਭੁਗਤਾਨ ਕਰਦਾ ਹੈ, ਉਸ ਦਿਨ ਨੂੰ ਪੇ-ਇਨ ਦਿਨ ਕਿਹਾ ਜਾਂਦਾ ਹੈ। ਜਿਸ ਦਿਨ ਕਲੀਅਰਿੰਗ ਕਾਰਪੋਰੇਸ਼ਨ ਬਰੋਕਰ ਨੂੰ ਭੁਗਤਾਨ ਕਰਦਾ ਹੈ ਜਾਂ ਪ੍ਰਤੀਭੂਤੀਆਂ ਦੀ ਡਿਲੀਵਰੀ ਕਰਦਾ ਹੈ, ਉਸ

ਦਿਨ ਨੂੰ ਪੇ-ਆਊਟ ਕਿਹਾ ਜਾਂਦਾ ਹੈ। (ਸੇਟਲਮੈਂਟ ਸਾਈਕਲ) ਬੰਦੋਬਸਤ ਚੱਕਰ ਟੀ+2 ਰੋਲਿੰਗ ਸੈਟਲਮੈਂਟ ਦੇ ਆਧਾਰ ਉਤੇ 1 ਅਪਰੈਲ 2003 ਦੀ ਪ੍ਰਭਾਵੀ ਤਿਥੀ ਤੋਂ ਲਾਗੂ ਹੁੰਦਾ ਹੈ, (ਜਿਸ ਵਿੱਚ ਟੀ ਜਾਂ ਟਰੇਡਿੰਗ ਦਿਨ) । ਉਦਾਹਰਣ ਦੇ ਤੌਰ ਉਤੇ, ਸੋਮਵਾਰ ਨੂੰ ਲਾਗੂ ਕੀਤੇ ਗਏ ਟਰੇਡ ਬੁੱਧਵਾਰ ਨੂੰ ਸੈਟਲ ਕੀਤੇ ਜਾਂਦੇ ਹਨ। (ਟਰੇਡਿੰਗ ਦਿਨ ਤੋਂ ਦੋ ਟਰੇਡਿੰਗ ਦਿਨ ਨੂੰ ਧਿਆਨ ਵਿੱਚ ਰੱਖਦੇ ਹੋਏ)। ਸਟਾਕ ਐਕਸਚੇਂਜ ਇਹ ਨਿਸ਼ਚਿਤ ਕਰਦੇ ਹਨ ਕਿ ਰਕਮ ਅਤੇ ਪ੍ਰਤੀਭੂਤੀਆਂ ਟੀ+2 ਦਿਨ ਦੇ ਆਧਾਰ ਉਤੇ ਪੇ-ਇਨ ਅਤੇ ਪੇ-ਆਊਟ ਕੀਤੇ ਗਏ ਹੋਣ।

ਪੇ-ਇਨ : ਰਕਮ / ਪ੍ਰਤੀਭੂਤੀਆਂ ਦੇ ਪੇ-ਇਨ ਤੋਂ ਭਾਵ, ਦਲਾਲਾਂ ਦੇ ਖਾਤਿਆਂ ਤੋਂ ਐਕਸਚੇਂਜ ਦੇ ਖਾਤੇ ਵਿੱਚ ਰਕਮ / ਪ੍ਰਤੀਭੂਤੀਆਂ ਦਾ ਟਰਾਂਸਫਰ ਕੀਤਾ ਜਾਂਦਾ ਹੈ।
ਪੇ-ਆਊਟ : ਰਕਮ/ ਪ੍ਰਤੀਭੂਤੀਆਂ ਦੇ ਪੇ-ਆਊਟ ਤੋਂ ਭਾਵ, ਬਰੋਕਰ ਦੇ ਖਾਤੇ ਤੋਂ ਗਾਹਕ ਦੇ ਖਾਤੇਵਿੱਚ ਰਕਮ/ ਪ੍ਰਤੀਭੂਤੀਆਂ ਨੂੰ ਟਰਾਂਸਫਰ ਕੀਤੇ ਜਾਣ ਤੋਂ ਹੁੰਦਾ ਹੈ।

ਸਾਵਧਾਨੀ :

- ਇਸ ਗੱਲ ਦਾ ਧਿਆਨ ਰੱਖੋ ਕਿ ਪੇ-ਇਨ / ਪੇ-ਆਊਟ ਦੇ ਦਿਨ ਸੈਟਲਮੈਂਟ ਤੋਂ ਪਹਿਲਾ ਤੁਹਾਡੇ ਬੈਂਕ / ਡੀਮੈਟ ਖਾਤੇ ਵਿੱਚ ਰਕਮ / ਪ੍ਰਤੀਭੂਤੀਆਂ ਕਾਫੀ ਗਿਣਤੀ ਵਿੱਚ ਮੌਜੂਦ ਹੋਣ।
- ਵੱਡੀ ਗਿਣਤੀ ਵਿੱਚ ਰਕਮ / ਪ੍ਰਤੀਭੂਤੀਆਂ ਦੇ ਉਪਲਬੱਧ ਨਾ ਹੋਣ ਤੇ ਜੁਰਮਾਨਾ ਪੈ ਸਕਦਾ ਹੈ, ਜਿਸ ਨਾਲ ਲਾਜ਼ਿਮੀ ਤੌਰ ਉਤੇ ਨਿਵੇਸ਼ਕ ਨੂੰ ਨੁਕਸਾਨ ਚੁੱਕਣਾ ਪੈਂਦਾ ਹੈ।

## ਇਕਰਾਰਨਾਮਾ :

ਇਕਰਾਰਨਾਮਾ ਸਟਾਕ ਬਰੋਕਰ ਵਲੋਂ ਕੀਤੇ ਗਏ ਟਰੇਡ ਦਾ ਸਬੂਤ ਹੈ।ਇਹ ਇਕ ਕਾਨੂੰਨੀ ਦਸਤਾਵੇਜ ਹੈ, ਜਿਸ ਵਿੱਚ ਪ੍ਰਤੀਭੂਤੀਆਂ ਦੀ ਖਰੀਦ / ਫ਼ਰੋਖ਼ਤ ਹੋਈ ਹੋਵੇ, ਟਰੇਡ ਦੀ ਕੀਮਤ, ਟਰੇਡ ਦਾ ਸਮਾਂ, ਬਰੋਕੇਜ ਆਦਿ ਟਰਾਂਜੇਕਸ਼ਨ ਦਾ ਵਿਵਰਣ ਸ਼ਾਮਿਲ ਹੁੰਦਾ ਹੈ।ਇਕਰਾਰਨਾਮਾ ਨੂੰ ਸਥੂਲ ਰੂਪ ਜਾਂ ਇਲੇਕਟ੍ਰਾਨਿਕ ਰੂਪ ਵਿੱਚ ਜਾਰੀ ਕੀਤਾ ਜਾਂਦਾ ਹੈ। ਜੇ ਤੁਸੀਂ ਇਲੇਕਟ੍ਰਾਨਿਕ ਇਕਰਾਰਨਾਮਾ ਦੀ ਚੋਣ ਕਰਦੇ ਹੋ ਤਾਂ ਤੁਸੀਂ ਸਟਾਕ ਬਰੋਕਰ ਨੂੰ ਤੁਹਾਨੂੰ ਆਪਣਾ ਈਮੇਲ ਆਈਡੀ ਦਾ ਬਿਓਰਾ ਦੇਣਾ ਹੁੰਦਾ ਹੈ। ਅਜਿਹੇ ਇਲੇਕਟ੍ਰਾਨਿਕ ਇਕਰਾਰਨਾਮਾ ਡਿਜੀਟਲ ਰੂਪ ਤੋਂ ਹਸਤਾਖ਼ਰਿਤ,

ਗੁਪਤ ਰੂਪ ਅਤੇ ਕਿਸੇ ਵੀ ਛੇੜਛਾੜ ਦੇ ਬਿਨਾ ਹੋਣੀ ਚਾਹੀਦੀ ਹੈ। ਨਿਵੇਸ਼ਕ ਵਲੋਂ ਅਜਿਹੇ ਇਕਰਾਰਨਾਮਾ ਨੂੰ ਭਵਿੱਖ ਲਈ ਸੁਰੱਖਿਅਤ ਰੱਖੇ ਜਾਣੇ ਚਾਹੀਦੇ ਹਨ, ਕਿਉਂਕਿ ਇਸ ਦਾ ਅਤਿਅੰਤ ਮਹੱਤਵ ਹੁੰਦਾ ਹੈ।ਖਾਸ ਤੌਰ ਤੇ, ਕਿਸੇ ਗੱਲ ਉਤੇ ਵਿਵਾਦਇਸ ਦੀ ਲੋੜ ਪੈ ਸਕਦੀ ਹੈ।

ਸਾਵਧਾਨੀ :

- ਟਰੇਡ ਕਾਰਜਸ਼ੀਲ ਹੋਣ ਦੇ 24 ਘੰਟਿਆਂ ਦੇ ਅੰਦਰ ਸਟਾਕ ਬਰੋਕਰ ਵਲੋਂ ਇਕਰਾਰਨਾਮਾ ਜਾਰੀ ਕਰਨਾ ਹੁੰਦਾ ਹੈ। ਇਕਰਾਰਨਾਮੇ ਵਿੱਚ ਕਿਸੇ ਵੀ ਤਰ੍ਹਾਂ ਦਾ ਅੰਤਰ ਹੋਣ ਦੇ ਮਾਮਲੇ ਵਿੱਚ ਨਿਵੇਸ਼ਕ ਨੂੰ ਤੁਰੰਤ ਸਟਾਕ ਬਰੋਕਰ ਨਾਲ ਚਰਚਾ ਕਰਨੀ ਚਾਹੀਦੀ ਹੈ।
- ਬਾਜ਼ਾਰ ਵਿੱਚ ਆਰਡਰ ਦੇਣ ਵੇਲੇ ਇਕਰਾਰਨਾਮਾ ਵਿੱਚ ਵਰਣਿਤ ਵਿਵਰਣ ਨਾਲ ਤੁਹਾਡੇ ਵਲੋਂ ਰਿਕਾਰਡ ਦੀ ਫਿਰ ਤੋਂ ਜਾਂਚ ਕਰਨੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਦਾ ਅੰਤਰ ਹੋਣ ਤੇ ਤੁਰੰਤ ਆਪਣੇ ਬਰੋਕਰ ਦਾ ਸੰਪਰਕ ਕਰਨਾ ਚਾਹੀਦਾ ਹੈ।

ਗਾਹਕ ਵਲੋਂ ਦਿੱਤੇ ਗਏ ਆਰਡਰ ਦਾ ਰਿਕਾਰਡ:

ਗਾਹਕ ਵਲੋਂ ਆਰਡਰ ਦੇ ਸਬੂਤ ਰੱਖਣ ਤੋਂ ਬਾਦ ਹੀ ਸਟਾਕ ਬਰੋਕਰ ਟਰੇਡ ਨੂੰ ਕਾਰਜਸ਼ੀਲ ਕਰ ਸਕਦੇ ਹਨ। ਅਜਿਹੇ ਆਰਡਰ (1) ਗਾਹਕ ਵਲੋਂ ਲਿਖਿਤ ਤੇ ਹਸਤਾਖਰਿਤ, (2) ਟੇਲੀਫੋਨ ਰਿਕਾਰਿਡੰਗ, (3) ਅਧਿਕਾਰਿਤ ਈਮੇਲ ਤੋਂ ਭੇਜੇ ਗਏ ਈਮੇਲ, (4) ਇੰਟਰਨੇਟ ਟਰਾਂਜੇਕਸ਼ਨ ਲਈ ਲਾਂਗਿਗ, (5) ਮੋਬਾਈਲ ਫੋਨ ਰਾਹੀਂ ਭੇਜੇ ਗਏ ਸੰਦੇਸ਼ਾਂ ਦਾ ਰਿਕਾਰਡ, (6) ਕਿਸੇ ਹੋਰ ਢੰਗ ਨਾਲ ਕਾਨੂੰਨੀ ਰੂਪ ਤੋਂ ਤਸਦੀਕ ਕੀਤੇ ਜਾ ਸਕਦੇ ਹਨ।

## ਨਿਵੇਸ਼ਕਾਂ ਨੂੰ ਐਸਐਮਐਸ ਅਤੇ ਈਮੇਲ ਅਲਰਟ:

ਨਿਵੇਸ਼ਕ ਐਸਐਮਐਸ ਅਤੇ ਈਮੇਲ ਅਲਰਟ ਸੁਵਿਧਾ ਦਾ ਵਿਕਲਪ ਚੁਣ ਸਕਦੇ ਹਨ, ਜਿਸ ਰਾਹੀਂ ਉਹ ਆਪਣੇ ਟਰੇਡਿੰਗ ਅਤੇ ਡੀਮੈਟ ਖਾਤੇ ਵਿੱਚ ਹੋਣ ਵਾਲੇ ਕਿਸੇ ਵੀ ਟਰੇਡਿੰਗ / ਲੈਣ-ਦੇਣ ਗਤੀਵਿਧੀ ਲਈ ਐਸਐਮਐਸ ਅਤੇ ਈਮੇਲ ਅਲਰਟ ਬਿਨਾਂ ਫੀਸ ਦੇ ਪ੍ਰਾਪਤ ਕਰ ਸਕਦੇ ਹਨ। ਇਸ ਸੁਵਿਧਾ ਦਾ ਲਾਭ ਚੁੱਕਣ ਲਈ, ਨਿਵੇਸ਼ਕਾਂ ਨੂੰ ਆਪਣੇ ਮੋਬਾਈਲ ਨੰਬਰ ਅਤੇ ਈਮੇਲ ਆਈਡੀ ਵੀ ਬਰੋਕਰ ਨਾਲ ਸਾਂਝੇ ਕਰਨੇ ਚਾਹੀਦੇ ਹਨ ਅਤੇ ਨਿਯਮਿਤ ਰੂਪ ਤੋਂ ਉਨ੍ਹਾਂ ਦੇ ਸ਼ੇਅਰ ਦਲਾਲਾਂ ਅਤੇ ਡਿਪੋਜ਼ਿਟਰੀ ਸਹਿਭਾਗੀਆਂ ਨਾਲ ਅਪਡੇਟ ਕੀਤਾ ਜਾਣ ਚਾਹੀਦੇ ਹਨ।

### ਚਲੰਤ ਖਾਤੇ ਦੀ ਪ੍ਰਮਾਣਮਿਕਤਾ (ਰਨਿੰਗ ਅਕਾਊਂਟ ਅਥਾਰਿਟੀ) :

ਆਮ ਤੌਰ ਉਤੇ, ਬਰੋਕਰ ਵਲੋਂ ਟਰਾਂਜੇਕਸ਼ਨ (ਖਰੀਦ / ਫ਼ਰੋਖਤ) ਦਾ ਸਮਝੌਤਾ ਰਕਮ / ਪ੍ਰਤੀਭੂਤੀਆਂ ਦਾ ਪੇ-ਆਊਟ 24 ਘੰਟਿਆਂ ਦੇ ਅੰਦਰ ਕੀਤਾ ਜਾਂਦਾ ਹੈ। ਹਾਲਾਂਕਿ, ਜੇ ਤੁਸੀਂ ਨਿਯਮਿਤ ਰੂਪ ਤੋਂ ਸਟਾਕ ਐਕਸਚੇਂਜ ਵਿੱਚ ਸ਼ੇਅਰਾਂ ਦਾ ਵਪਾਰ ਕਰਦੇ ਹੋ ਤਾਂ ਤੁਸੀਂ ਇਕ ਸਟਾਕ ਬਰੋਕਰ ਨੂੰ ਇਕ ਚਲੰਤ ਖਾਤਾ ਬਣਾਏ ਰੱਖਣ ਲਈ ਪ੍ਰਮਾਣਿਤ ਕਰ ਸਕਦੇ ਹੋ, ਜਿਸ ਨਾਲ ਤੁਹਾਡੇ ਸ਼ੇਅਰ ਜਾਂ ਫੰਡ, ਜਿਹੋ ਜਿਹਾ ਵੀ ਮਾਮਲਾ ਹੋਵੇ, ਸਟਾਕ ਬਰੋਕਰ ਦੇ ਨਾਲ ਇਕ ਵੱਖਰੇ ਖਾਤੇ ਵਿੱਚ ਰੱਖਿਆ ਜਾਏਗਾ। ਚਲੰਤ ਖਾਤੇ ਤੋਂ ਪ੍ਰਤੀਭੂਤੀਆਂ ਵਿੱਚ ਲੈਣ ਦੇਣ ਕਰਨ ਵਿੱਚ ਆਸਾਨੀ ਹੁੰਦੀ ਹੈ, ਜਿਸ ਨਾਲ ਬਰੋਕਰ ਕੋਲ ਚਲ ਰਹੇ ਖਾਤੇ ਵਿੱਚ ਸ਼ੇਅਰ ਜਾਂ ਫੰਡ ਭਵਿੱਖ ਦੇ ਲੈਣ ਦੇਣ ਦੇ ਨਿਪਟਾਰੇ ਕਰਤੱਵਾਂ ਦੀ ਤਰ੍ਹਾਂ ਸਮਾ ਜਾਂਦੇ ਹਨ।

ਨਿਵੇਸ਼ਕਾਂ ਲਈ ਚਲੰਤ ਖਾਤਾ ਖੋਲ੍ਹੇ ਜਾਣਾ ਸਵੈ ਇੱਛਤ ਸੁਵਿਧਾ ਹੈ ਅਤੇ ਉਨ੍ਹਾਂ ਲਈ ਫਾਇਦੇਮੰਦ ਹੈ, ਜੋ ਵਾਰ-ਵਾਰ ਪ੍ਰਤੀਭੂਤੀਆਂ ਦੀ ਖਰੀਦ ਤੇ ਫ਼ਰੋਖ਼ਤ ਕਰਦੇ ਹਨ। ਚਲੰਤ ਖਾਤੇ ਦੀ ਮਿਆਦ ਨਿਸ਼ਚਿਤ ਕੀਤੀ ਜਾ ਸਕਦੀ ਹੈ ਅਤੇ ਉਸ ਨੂੰ ਕਿਸੇ ਵੀ ਵੇਲੇ ਰੱਦ ਕੀਤਾ ਜਾ ਸਕਦਾ ਹੈ। ਬਰੋਕਰ ਗਾਹਕ ਵਲੋਂ ਚੁਣੇ ਗਏ 90 ਦਿਨਾਂ / 30 ਦਿਨਾਂ ਘਟੋ-ਘੱਟ ਇਕ ਵਾਰ ਰਕਮ ਅਤੇ ਪ੍ਰਤੀਭੂਤੀਆਂ ਦਾ ਸੈਟਲਮੈਂਟ ਕਰਦਾ ਹੈ।

### ਟਰੇਡ ਦੀ ਪ੍ਰਮਾਣਿਕਤਾ :

ਤੁਹਾਡੇ ਖਾਤੇ ਵਿੱਚ ਕਾਰਜਸ਼ੀਲ ਟਰੇਡਾਂ ਨੂੰ ਪ੍ਰਮਾਣਿਕਤਾ ਲਈ ਐਕਸਚੇਂਜਾਂ ਦੀ ਵੇਬਸਾਈਟਾਂ ਉਤੇ ਉਪਲਬੱਧ ਟਰੇਡ ਵੇਰੀਫਿਕੇਸ਼ਨ ਜਾਂ ਪ੍ਰਮਾਣਿਕਤਾ ਮਾਡਯੂਲ ਇਕ ਬਹੁਤ ਹੀ ਸਰਲ ਉਪਕਰਣ ਹੈ। ਟਰੇਡਾਂ ਦਾ ਡੇਟਾ ਟੀ+1 ਦੇ ਦਿਨ ਉਤੇ ਉਪਲਬੱਧ ਹੋਏਗਾ।

### ਲਾਭ ਗੁੰਜਾਇਸ਼ (ਮਾਰਜਿਨ ਮਨੀ) ਤੋਂ ਕੀ ਭਾਵ ਹੈ ?

ਮਾਰਜਿਨ ਮਨੀ ਜਾਂ ਲਾਭ ਗੁੰਜਾਇਸ਼, ਐਕਸਚੇਂਜ ਅਤੇ ਕਲੀਅਰਿੰਗ ਕਾਰਪੋਰੇਸ਼ਨ ਵਲੋਂ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਆਪਣੇ ਵਲੋਂ ਕਿਸੇ ਵਪਾਰ ਨੂੰ ਕਾਰਜਸ਼ੀਲ ਕਰਨ ਤੋਂ ਪਹਿਲਾ ਦਲਾਲਾਂ ਰਾਹੀਂ ਨਿਵੇਸ਼ਕਾਂ ਤੋਂ ਇੱਕਠੀ ਕੀਤੀ ਜਾਂਦੀ ਹੈ।ਮਾਰਜਿਨ

ਮਨੀ ਨੂੰ ਇਕ ਨਿਵੇਸ਼ਕ ਵਲੋਂ ਗ਼ੈਰ ਭੁਗਤਾਨ ਫੰਡ ਜਾਂ ਪ੍ਰਤੀਭੂਤੀਆਂ ਦੀ ਗ਼ੈਰ ਡਿਲੀਵਰੀ ਦੇ ਜੋਖ਼ਿਮ ਨੂੰ ਘੱਟ ਕਰਨ ਲਈ ਇੱਕਠਾ ਕੀਤਾ ਜਾਂਦਾ ਹੈ।

## ਸਟਾਕ ਬਰੋਕਰ ਅਤੇ ਡਿਪੋਜ਼ਿਟਰੀ ਸਹਿਭਾਗੀਆਂ ਤੋਂ ਖਾਤੇ ਦਾ ਵਿਵਰਣ ਲੈਣਾ

ਤੁਸੀਂ ਆਪਣੇ ਵਲੋਂ ਕੀਤੇ ਗਏ ਟਰਾਂਜੇਕਸ਼ਨ (ਲੈਣ-ਦੇਣ) ਸੰਬੰਧੀ ਮਾਸਿਕ ਰਿਪੋਰਟ, ਤਿਮਾਹੀ ਰਿਪੋਰਟ ਜਿਹੀਆਂ ਰਿਪੋਰਟਾਂ ਨੂੰ ਬਰੋਕਰਾਂ ਅਤੇ ਡਿਪੋਜ਼ਿਟਰੀਜ਼ ਤੋਂ ਨਿਯਮਿਤ ਰੂਪ ਵਿੱਚ ਬਿਨਾ ਕਿਸੇ ਫੀਸ ਦੇ ਹਾਸਿਲ ਕਰ ਸਕਦੇ ਹੋ।ਡਿਪੋਜ਼ਿਟਰੀਜ਼ ਅਤੇ ਸਟਾਕ ਐਕਸਚੇਂਜ ਤੁਹਾਡੇ ਖਾਤੇ ਵਿੱਚ ਹੋਏ ਟਰਾਂਜੇਕਸ਼ਨ ਬਾਰੇ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ ਜਾਂ ਈਮੇਲ ਆਈਡੀ ਉਤੇ ਤੁਹਾਨੂੰ ਸੂਚਿਤ ਕਰ ਸਕਦੇ ਹਨ। ਜੇ ਤੁਹਾਨੂੰ ਕੋਈ ਸੰਦੇਸ਼ ਸਮਝ ਵਿੱਚ ਨਾ ਆਏ ਤਾਂ ਬੈਂਕ, ਡਿਪੋਜ਼ਿਟਰੀ, ਡਿਪੋਜ਼ਿਟਰੀ ਸਹਿਭਾਗੀ, ਸਟਾਕ ਐਕਸਚੇਂਜ, ਬਰੋਕਰ ਨਾਲ ਮੁੱਦਾ ਸੁਲਝਾ ਸਕਦੇ ਹਨ ਜਾਂ ਤੁਸੀਂ ਇਸ ਸੰਦਰਭ ਵਿੱਚ ਹੋਰ ਸੇਧ ਜਾਂ ਜਾਣਕਾਰੀ ਲੈਣ ਲਈ ਸੇਬੀ ਦੇ ਟੋਲ ਫਰੀ ਹੈਲਪਲਾਈਨ ਉਤੇ ਫੋਨ ਕਰ ਸਕਦੇ ਹੋ।ਸਮੇਂ ਸਮੇਂ ਉਤੇ ਅਲਰਟ ਅਤੇ ਖਾਤਾ ਵਿਵਰਣ ਪ੍ਰਾਪਤ ਕਰਨ ਲਈ ਵਿਚੋਲਿਆਂ ਨਾਲ ਆਪਣਾ ਸੰਪਰਕ ਹਮੇਸ਼ਾ ਬਣਾਏ ਰੱਖੋ। ਰਿਪੋਰਟ ਨਾ ਮਿਲਣ ਤੇ ਤੁਸੀਂ ਸੰਬੰਧਤ ਸੰਸਥਾ ਨਾਲ ਮੁੱਦਾ ਚੁੱਕ ਸਕਦੇ ਹੋ।

ਤੁਸੀਂ ਬਰੋਕਰ ਰਾਹੀਂ ਵਿਧੀ ਪੂਰਵਕ ਹਸਤਾਖ਼ਰ ਕੀਤੇ ਰਕਮ ਅਤੇ ਪ੍ਰਤੀਭੂਤੀਆਂ ਦੇ ਬਕਾਇਆ ਰਕਮ (ਬੈਲੇਂਸ) ਦਾ ਵਿਵਰਣ ਹਰ ਸਾਲ 31 ਮਾਰਚ ਨੂੰ ਪ੍ਰਾਪਤ ਕਰ ਸਕਦੇ ਹੋ।

## ਸੰਯੁਕਤ ਖਾਤਾ ਵਿਵਰਣ (ਸੀਏਐਸ)

ਸੰਯੁਕਤ ਖਾਤਾ ਵਿਵਰਣ (ਸੀਏਐਸ) ਇਕ ਇੱਕਲ / ਸੰਯੁਕਤ ਖਾਤਾ ਵਿਵਰਣ ਹੈ, ਜਿਸ ਵਿੱਚ ਹਰ ਮਹੀਨੇ ਦੌਰਾਨ ਇਕ ਨਿਵੇਸ਼ਕ ਵਲੋਂ ਡੀਮੈਟ ਖਾਤੇ ਵਿੱਚ ਕੀਤੇ ਗਏ ਸਾਰੇ ਮਿਉਚੁਅਲ ਫੰਡ ਅਤੇ ਹੋਰ ਪ੍ਰਤੀਭੂਤੀਆਂ ਵਿੱਚ ਕੀਤੇ ਗਏ ਵਿੱਤੀ ਟਰਾਂਜੇਕਸ਼ਨਾਂ ਦਾ ਵਿਸਤ੍ਰਿਤ ਵਿਵਰਣ ਦਿਖਾਉਂਦਾ ਹੈ। ਸੀਏਐਸ ਉਨ੍ਹਾਂ ਖਾਤਿਆਂ ਲਈ ਜਾਰੀ ਕੀਤਾ ਜਾਂਦਾ ਹੈ, ਜਿਸ ਵਿੱਚ ਇਕ ਮਹੀਨੇ ਦੌਰਾਨ ਵਿੱਤੀ ਲੈਣ ਦੇਣ ਜਾਂ ਟਰਾਂਜੇਕਸ਼ਨ ਹੋਏ ਹੋਣ ਅਤੇ ਇਸ ਵਿੱਚ ਧਾਰਕ ਸਮਾਨ ਹੋਣ, ਜੋ ਇਨਕਮ ਟੈਕਸ ਪਰਮਾਨੇਂਟ ਅਕਾਊਂਟ ਨੰਬਰ (ਪੀਏਐਨ) ਯਾਨੀ ਪੈਨ ਨੰਬਰ ਨਾਲ ਪਛਾਣੇ ਜਾਂਦੇ

ਹੋਣ। ਮਿਉਚੁਅਲ ਫੰਡ ਅਤੇ ਡਿਪੋਜ਼ਿਟਰੀਜ਼ ਲਈ ਮਾਸਿਕ ਆਧਾਰ ਉਤੇ ਸੀਏਐਸ ਪੈਦਾ ਕੀਤਾ ਜਾਂਦਾ ਹੈ, ਜੋ ਪੈਨ ਕਾਰਡ (ਪੀਏਐਨ) ਲਈ ਹੁੰਦਾ ਹੈ।

## ਅਪ੍ਰਤੱਖ ਬਾਜ਼ਾਰ (ਡੇਰੀਵੇਟਿਵੇਜ਼ ਮਾਰਕੀਟ)

ਅਪ੍ਰਤੱਖ ਬਾਜ਼ਾਰ ਜਾਂ ਡੇਰੀਵੇਟਿਵੇਜ਼ ਅਜਿਹਾ ਵਿੱਤੀ ਸੰਸਾਧਨ ਹੈ, ਜੋ ਆਪਣਾ ਮੁੱਲ ਅੰਤਰਨਿਹਿਤ ਪ੍ਰਤੀਭੂਤੀ ਜਾਂ ਵਿੱਤੀ ਸੰਸਾਧਨ ਤੋਂ ਪ੍ਰਾਪਤ ਕਰਦੇ ਹਨ। ਸਾਧਾਰਣ, ਕਮੋਡਿਟੀ (ਪਦਾਰਥ) ਅਤੇ ਮੁਦਰਾ (ਕਰੇਂਸੀ) ਆਦਿ ਇਸ ਦੇ ਅੰਤਰਨਿਹਿਤ ਉਤਪਾਦ ਹਨ।

ਅਪ੍ਰਤੱਖ ਬਾਜ਼ਾਰ ਦਾ ਪ੍ਰਾਇਮਰੀ ਵਰਤੋਂ ਉਨ੍ਹਾਂ ਦੀ ਸਥਿਤੀ ਨੂੰ ਬਣਾਏ ਰੱਖਣ ਅਤੇ ਮੁੱਲ ਦੇ ਜੋਖ਼ਿਮ ਨੂੰ ਘੱਟ ਕਰਨ ਲਈ ਹੈ। ਹੈਜਿੰਗ ਭਾਵ ਪ੍ਰਤੀਰੱਖਿਆ ਨੀਤੀ ਮੂਲ ਰੂਪ ਵਿੱਚ ਇਕ ਜੋਖ਼ਿਮ ਪ੍ਰਬੰਧਨ ਰਣਨੀਤੀ ਹੈ, ਜਿਸ ਵਿੱਚ ਨਿਵੇਸ਼ਕ ਕਿਸੇ ਵੀ ਪ੍ਰਤੀਕੂਲ ਮੁੱਲ ਦੇ ਉਤਾਰ-ਚੜਾਅ ਦੇ ਜੋਖ਼ਿਮ ਨੂੰ ਘੱਟ ਕਰਨ ਲਈ ਰਣਨੀਤਿਕ ਤੌਰ ਤੇ ਦੂਜੇ ਉਪਕਰਣਾਂ ਵਿੱਚ ਨਿਵੇਸ਼ ਕਰਦੇ ਹਨ।

ਡੈਰੀਵੇਟਿਵੇਜ਼ ਬਾਜ਼ਾਰ ਦੇ ਖਿਡਾਰੀ ਹੇਜਰ, ਸਟੌਬਾਜ਼ ਅਤੇ ਵਿਚੋਲੇ ਹੋ ਸਕਦੇ ਹਨ, ਜੋ ਵਿਭਿੰਨ ਸਥਿਤੀਆਂ ਵਿੱਚ ਵੱਖ ਵੱਖ ਭੂਮਿਕਾ ਨਿਭਾ ਸਕਦੇ ਹਨ।

ਭਵਿੱਖਵਾਦੀ (ਫਿਊਚਰਸਜ਼) ਅਤੇ ਵਿਕਲਿਪਕ , ਜਿਨ੍ਹਾਂ ਨੂੰ ਆਮ ਤੌਰ ਉਤੇ ਐਫਐਂਡਓ ਹਿੱਸੇ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਜੋ ਸਿਕਓਰਿਟੀਜ਼ ਮਾਰਕੀਟ ਦੇ ਡੈਰੀਵੇਟਿਵੇਜ਼ ਹਿੱਸੇ ਦਾ ਜ਼ਰੂਰੀ ਹਿੱਸਾ ਹੁੰਦੇ ਹਨ। ਭਵਿੱਖਵਾਦੀ ਅਤੇ ਵਿਕਲਿਪਕ ਡੈਰੀਵੇਟਿਵੇਜ਼ ਦੇ ਦੋ ਵਿਭਿੰਨ ਪ੍ਰਕਾਰ ਹਨ।

ਭਵਿੱਖਵਾਦੀ ਇਕਰਾਰਨਾਮੇ ਤੋਂ ਭਾਵ ਭਵਿੱਖ ਦੀ ਕੋਈ ਤਿਥੀ ਉਤੇ ਪੂਰਬਲੀ ਨਿਰਧਾਰਿਤ ਦਰ ਉਤੇ ਇਕ ਅੰਤਰਨਿਹਿਤ ਉਤਪਾਦ ਦੀ ਖਰੀਦ ਜਾਂ ਫ਼ਰੋਖ਼ਤ ਦਾ ਪ੍ਰਮਾਣਿਕ ਐਕਸਚੇਂਜ ਟਰੇਡਿੰਗ ਇਕਰਾਰਨਾਮਾ ਹੁੰਦਾ ਹੈ।

ਵਿਕਲਿਪਕ ਇਕਰਾਰਾਨਾਮਾ ਅਜਿਹਾ ਵਿੱਤੀ ਸੰਸਾਧਨ ਹੈ, ਜੋ ਔਪਸ਼ਨ ਦੇ ਖਰੀਦਦਾਰ ਨੂੰ ਨਿਰਧਾਰਿਤ ਮੁੱਲ ਉਤੇ ਨਿਰਧਾਰਿਤ ਤਿਥੀ ਉਤੇ ਵਿਕਲਪ ਦੀ ਵਰਤੋਂ ਕਰਨ ਦਾ ਅਧਿਕਾਰ ਦੇਂਦਾ ਹੈ, ਪਰਤੂੰ ਅਜਿਹਾ ਕਰਨ ਲਈ ਜ਼ੋਰ ਨਹੀਂ ਪਾਉਂਦਾ।

ਕਾਲ ਵਿਕਲਪ ਇਕ ਅਜਿਹਾ ਵਿੱਤੀ ਸੰਸਾਧਨ ਹੈ, ਜੋ ਇਸ ਦੇ ਖਰੀਦਦਾਰ ਨੂੰ ਨਿਰਧਾਰਿਤ ਤਿਥੀ ਅਤੇ ਕੀਮਤ ਉਤੇ ਵਿਕਲਪ ਦੀ ਵਰਤੋਂ ਕਰਨ ਦਾ ਅਧਿਕਾਰ

ਦੇਂਦਾ ਹੈ, ਪਰਤੂੰ ਅਜਿਹਾ ਕਰਨ ਲਈ ਮਜ਼ਬੂਰ ਨਹੀਂ ਕਰਦਾ। ਕਾਲ ਵਿਕਲਪ ਇਕ ਅੰਤਰਨਿਹਿਤ ਸੁਰੱਖਿਆ ਨੂੰ ਖਰੀਦਣ ਦਾ ਅਧਿਕਾਰ ਦੇਂਦਾ ਹੈ ਅਤੇ ਉਸ ਅਧੀਨ ਦਿੱਤੇ ਗਏ ਵਿਕਲਪ ਨੂੰ ਅੰਤਰਨਿਹਿਤ ਸੁਰੱਖਿਆ ਨੂੰ ਵੇਚਣ ਦਾ ਅਧਿਕਾਰ ਦੇਂਦਾ ਹੈ। ਜਦੋਂ ਉਹ ਇਕ ਵਿਕਲਪ ਇਕਰਾਰਨਾਮਾ ਖਰੀਦਦੇ ਹਨ ਤਾਂ ਨਿਵੇਸ਼ਕਾਂ ਤੋਂ ਪ੍ਰੀਮਿਅਮ ਲਿਆ ਜਾਂਦਾ ਹੈ।

ਕਿਰਪਾ ਕਰ ਕੇ ਧਿਆਨ ਦਿਓ ਕਿ ਡੈਰੀਵੇਟਿਵੇਜ਼ ਜਾਂ ਅਪ੍ਰਤੱਖ ਬਾਜ਼ਾਰ ਅਧੀਨ ਉਚ ਜੋਖ਼ਿਮ ਵਾਲੇ ਉਤਪਾਦ ਹੁੰਦੇ ਹਨ ਅਤੇ ਜਿਨ੍ਹਾਂ ਦੀ ਵਰਤੋਂ ਮੁੱਖ ਰੂਪ ਵਿੱਚ ਪ੍ਰਤੀਰੱਖਿਆ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਇਹ ਪਰਚੂਨ ਜਾਂ ਖੁਦਰਾ ਨਿਵੇਸ਼ਕਾਂ ਦੇ ਵਧੇਰੇ ਯੋਗ ਨਹੀਂ ਹੁੰਦੀ।

## ਮਿਉਚੁਅਲ ਫੰਡ

ਮਿਉਚੁਅਲ ਫੰਡ ਅਧੀਨ ਕਈ ਨਿਵੇਸ਼ਕਾਂ ਤੋਂ ਧਨ ਇੱਕਠਾ ਕੀਤਾ ਜਾਂਦਾ ਹੈ ਅਤੇ ਇਸ ਧਨ ਨੂੰ ਸਟਾਕ, ਬਾਂਡਜ਼, ਸ਼ੋਰਟ ਟਰਮ ਮਨੀ ਮਾਰਕੀਟ ਯੰਤਰਾਂ, ਹੋਰ ਪ੍ਰਤੀਭੂਤੀਆਂ ਅਤੇ ਸੰਪਤੀਆਂ ਜਾਂ ਇਨ੍ਹਾਂ ਨਿਵੇਸ਼ਾਂ ਦੇ ਕੁਝ ਸੰਯੋਜਨ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। ਕਿਸੇ ਵੀ ਯੋਜਨਾ ਨੂੰ ਸ਼ੁਰੂ ਕਰਨ ਤੋਂ ਪਹਿਲਾ ਸਾਰੇ ਮਿਉਚੁਅਲ ਫੰਡਾਂ ਨੂੰ ਸੇਬੀ ਵਲੋਂ ਰਜਿਸਟਰਡ ਹੋਣਾ ਲਾਜ਼ਮੀ ਹੁੰਦਾ ਹੈ।

ਮਿਉਚੁਅਲ ਫੰਡ ਨੂੰ ਮਿਉਚੁਅਲ ਫੰਡ ਸਕੀਮ ਦੇ ਉਦੇਸ਼ਾਂ ਦੇ ਆਧਾਰ ਉਤੇ ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਯੋਜਨਾਵਾਂ ਦੀ ਰਚਨਾ ਵਿਭਿੰਨ ਪ੍ਰਕਾਰ ਦੇ ਨਿਵੇਸ਼ਕਾਂ, ਜੋਖ਼ਿਮ ਤੋਂ ਬਚਣ ਵਾਲੇ ਨਿਵੇਸ਼ਕਾਂ (ਅਜਿਹੇ ਨਿਵੇਸ਼ਕ ਮੂਲ ਰੂਪ ਵਿੱਚ ਉੱਚ ਜੋਖ਼ਿਮ ਲੈਣ ਤੋਂ ਬਚਦੇ ਹਨ, ਜਿਨ੍ਹਾਂ ਨੂੰ ਰੂੜ੍ਹੀਵਾਦੀ ਨਿਵੇਸ਼ਕ ਕਿਹਾ ਜਾਂਦਾ ਹੈ), ਉਦਾਰਵਾਦੀ ਨਿਵੇਸ਼ਕ (ਥੋੜਾ ਜੋਖ਼ਿਮ ਲੈਣ ਵਾਲੇ ਨਿਵੇਸ਼ਕ) ਅਤੇ ਅਤਿ ਮਹੱਤਵਾਕਾਂਖੀ ਨਿਵੇਸ਼ਕ (ਉੱਚ ਰਿਟਰਨ ਨੂੰ ਜੋਖ਼ਿਮ ਲੈਣ ਲਈ ਤਿਆਰ ਨਿਵੇਸ਼ਕ) ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ।

### ਯੋਜਨਾਵਾਂ ਦੇ ਆਧਾਰ ਉਤੇ ਮਿਉਚੁਅਲ ਫੰਡ ਦਾ ਵਰਗੀਕਰਣ :

ਮਿਉਚੁਅਲ ਫੰਡ ਨੂੰ 5 ਯੋਜਨਾਵਾਂ ਦੇ ਆਧਾਰ ਉਤੇ ਵੰਡਿਆ ਜਾ ਸਕਦਾ ਹੈ, ਜੋ ਇਸ ਪ੍ਰਕਾਰ ਹੈ :

1). ਸਾਧਾਰਣ (ਇਕੁਕਿਟੀ) ਯੋਜਨਾਵਾਂ : ਇਹ ਮਿਉਚੁਅਲ ਫੰਡ ਮੁੱਖ ਤੌਰ ਤੇ ਸਟਾਕ ਅਤੇ ਸ਼ੇਅਰਾਂ ਵਿੱਚ ਨਿਵੇਸ਼ ਕਰਦਾ ਹੈ।

2). ਰਿਣ (ਡੇਬਿਟ) ਯੋਜਨਾਵਾਂ : ਇਹ ਮਿਉਚੁਅਲ ਫੰਡ ਮੁੱਖ ਰੂਪ ਵਿੱਚ ਬਾਂਡਜ਼ ਅਤੇ ਟਰੇਜਰੀ ਬਿਲ ਜਿਹੀ ਨਿਸ਼ਚਿਤ ਆਮਦਨ ਪ੍ਰਤੀਭੂਤੀ ਵਿੱਚ ਨਿਵੇਸ਼ ਕਰਦਾ ਹੈ।

3). ਮਿਸ਼ਰਿਤ ਯੋਜਨਾਵਾਂ : ਇਹ ਮਿਉਚੁਅਲ ਫੰਡ ਦੋ ਜਾਂ ਉਸ ਤੋਂ ਵੱਧ ਸੰਪਤੀਆਂ ਜਿਵੇਂ ਕਿ ਇਕੁਕਿਟੀਜ਼, ਨਿਸ਼ਚਿਤ ਆਮਦਨ, ਨਕਦ ਆਦਿ ਵਿੱਚ ਨਿਵੇਸ਼ ਕਰਦਾ ਹੈ।

4). ਹਲ ਆਧਾਰਿਤ ਯੋਜਨਾਵਾਂ : ਮਿਉਚੁਅਲ ਫੰਡ ਯੋਜਨਾਵਾਂ, ਨਿਜੀ ਤੌਰ ਤੇ ਜਿਵੇਂ : ਸੇਵਾ ਮੁਕਤੀ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਜਿਹੇ ਟੀਚਿਆਂ ਅਨੁਸਾਰ ਨਿਵੇਸ਼ ਕਰਦਾ ਹੈ।

5). ਹੋਰ ਯੋਜਨਾਵਾਂ : ਦੂਜੀਆਂ ਹੋਰ ਯੋਜਨਾਵਾਂ ਜਿਵੇਂ ਸੂਚੀਬੱਧ ਫੰਡ, ਐਕਸਚੇਂਜ ਟਰੇਡਿਡ ਫੰਡ (ਈਟੀਐਫ) ਆਦਿ ਵਿੱਚ ਨਿਵੇਸ਼ ਕਰਦਾ ਹੈ।

## ਮਿਉਚੁਅਲ ਫੰਡ ਵਿੱਚ ਨਿਵੇਸ਼ ਕਿਵੇਂ ਕੀਤਾ ਜਾਏਂ ?

ਆਮ ਤੌਰ ਉਤੇ ਮਿਉਚੁਅਲ ਫੰਡ ਅਖ਼ਬਾਰਾਂ ਵਿੱਚ ਇਸ਼ਤਿਹਾਰ ਰਾਹੀਂ ਪ੍ਰਕਾਸ਼ਿਤ ਕੀਤੇ ਜਾਂਦੇ ਹਨ, ਜੋ ਨਵੀਆਂ ਯੋਜਨਾਵਾਂ ਨੂੰ ਪੇਸ਼ ਕਰਨ ਦੀ ਤਾਰੀਕ ਪ੍ਰਕਾਸ਼ਿਤ ਕਰਦੇ ਹਨ। ਨਿਵੇਸ਼ਕ ਮਿਉਚੁਅਲ ਫੰਡ ਦੇ ਏਜੰਟਾਂ ਅਤੇ ਵਿਤਰਕਾਂ ਨਾਲ ਵੀ ਸੰਪਰਕ ਕਰ ਸਕਦੇ ਹਨ, ਜੋ ਜ਼ਰੂਰੀ ਜਾਣਕਾਰੀ ਅਤੇ ਆਵੇਦਨ ਫਾਰਮ ਸਾਰੇ ਦੇਸ ਵਿੱਚ ਪਹੁੰਚਾਉਣ ਲਈ ਫੈਲੇ ਹੋਏ ਹੁੰਦੇ ਹਨ।

ਮਿਉਚੁਅਲ ਫੰਡ ਵਿੱਚ ਨਿਵੇਸ਼ ਕਰਦੇ ਹੋਏ, ਨਿਵੇਸ਼ਕਾਂ ਨੂੰ ਸਭ ਤੋਂ ਪਹਿਲਾ ਆਪਣੀ ਕੇਵਾਈਸੀ ਪ੍ਰਕ੍ਰਿਆ ਨੂੰ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ। ਕੋਈ ਵੀ ਨਿਵੇਸ਼ਕ ਸਥੂਲ ਰੂਪ ਵਿੱਚ ਫੰਡ ਦੀ ਕਿਸੇ ਬਰਾਂਚ ਜਾਂ ਰਜਿਸਟਾਰ ਦੇ ਦਫ਼ਤਰ ਵਿੱਚ ਜਾ ਕੇ ਕੇਵਾਈਸੀ ਦੀ ਪ੍ਰਕ੍ਰਿਆ ਨੂੰ ਪੂਰਾ ਕਰ ਸਕਦਾ ਹੈ। ਅਜਿਹਾ ਸੰਭਵ ਨਾ ਹੋਣ ਤੇ, ਵਿਕਲਿਪਕ ਤੌਰ ਤੇ ਕੋਈ ਵੀ ਵਿਅਕਤੀ ਆਪਣੇ ਆਧਾਰ ਕਾਰਡ ਅਤੇ ਪੈਨ ਕਾਰਡ ਨੰਬਰ ਦੀ ਵਰਤੋਂ ਕਰ ਕੇ ਵੀ ਕੇਵਾਈਸੀ ਕਰ ਸਕਦਾ ਹੈ।

ਇਕ ਵਾਰ ਕੇਵਾਈਸੀ ਪ੍ਰਕ੍ਰਿਆ ਪੂਰੀ ਹੋ ਜਾਣ ਤੋਂ ਬਾਦ, ਨਿਵੇਸ਼ਕ ਨੂੰ ਉਸ ਯੋਜਨਾ ਉਤੇ ਨਿਰਣਾ ਲੈਣਾ ਹੁੰਦਾ ਹੈ, ਜਿਸ ਵਿੱਚ ਉਹ ਨਿਵੇਸ਼ ਕਰਨਾ ਚਾਹੁੰਦਾ ਹੈ।ਇਹ

ਨਿਰਣਾ ਜੋਖ਼ਿਮ ਸਹਿਨ ਕਰਨ ਦੀ ਸਮਰੱਥਾ ਅਤੇ ਵਿੱਤੀ ਟੀਚਿਆਂ ਉਤੇ ਆਧਾਰਿਤ ਹੁੰਦਾ ਹੈ। ਜਦੋਂ ਨਿਵੇਸ਼ਕ ਮਿਉਚੁਅਲ ਫੰਡ ਦੀ ਕਿਸੇ ਸਕੀਮ ਦੀ ਚੋਣ ਕਰ ਲੈਂਦਾ ਹੈ ਤਾਂ ਉਸ ਨੂੰ ਉਨ੍ਹਾਂ ਨਾਲ ਸੰਬੰਧਤ ਯੋਜਨਾਵਾਂ ਵਿੱਚ ਨਿਵੇਸ਼ ਕਰਨ ਲਈ ਲੋੜੀਂਦੇ ਆਵੇਦਨ ਫਾਰਮ ਭਰਨੇ ਪੈਣਗੇ। ਇਸ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਏਜੰਟਾਂ ਅਤੇ ਵਿਤਰਕਾਂ ਰਾਹੀਂ ਅਜਿਹੇ ਫਾਰਮ ਮਿਉਚੁਅਲ ਫੰਡਾਂ ਵਿੱਚ ਜਮ੍ਹਾ ਕੀਤੇ ਜਾ ਸਕਦੇ ਹਨ। ਆਵੇਦਨ ਫਾਰਮ ਭਰਦੇ ਹੋਏ, ਨਿਵੇਸ਼ਕ ਨੂੰ ਉਸ ਵਿੱਚ ਆਪਣਾ ਨਾਂ, ਅਡ੍ਰੈਸ, ਆਵੇਦਨ ਕਰਨ ਵਾਲੀਆਂ ਇਕਾਈਆਂ ਦੀ ਗਿਣਤੀ ਅਤੇ ਅਜਿਹੀ ਹੋਰ ਜਾਣਕਾਰੀ ਦਾ ਜ਼ਿਕਰ ਕਰਨਾ ਜ਼ਰੂਰੀ ਹੁੰਦਾ ਹੈ। ਲਾਭਅੰਸ਼ ਜਾਂ ਪੁਨਰਖਰੀਦ ਦੇ ਉਦੇਸ਼ ਨਾਲ ਮਿਉਚੁਅਲ ਫੰਡ ਵਲੋਂ ਭਾਵੀ ਤਿਥੀ ਵਿੱਚ ਜਾਰੀ ਕੀਤੇ ਗਏ ਕਿਸੇ ਵੀ ਚੈਕ ਜਾਂ ਡਰਾਫਟ ਦੀ ਵਰਤੋਂ, ਕੋਈ ਹੋਰ ਵਿਅਕਤੀ ਨਾ ਕਰ ਸਕੇ, ਇਸ ਲਈ ਉਸ ਨੂੰ ਆਪਣਾ ਬੈਂਕ ਖਾਤਾ ਨੰਬਰ ਦੇਣਾ ਚਾਹੀਦਾ ਹੈ। ਬਾਦ ਦੀ ਤਾਰੀਕ ਵਿੱਚ ਅਡ੍ਰੈਸ, ਬੈਂਕ ਖਾਤਾ ਨੰਬਰ ਆਦਿ ਵਿੱਚ ਕਿਸੇ ਤਰ੍ਹਾਂ ਦਾ ਬਦਲਾਵ ਹੋਣ ਦੀ ਸੂਚਨਾ ਤੁਰੰਤ ਮਿਉਚੁਅਲ ਫੰਡ ਨੂੰ ਦੇਣੀ ਚਾਹੀਦੀ ਹੈ।

ਨਿਵੇਸ਼ਕਾਂ ਲਈ ਨਿਵੇਸ਼ ਪ੍ਰਕ੍ਰਿਆ ਵਧੇਰੇ ਸਰਲ ਬਣਾਉਣ ਲਈ ਮਿਉਚੁਅਲ ਫੰਡ ਹੇਠ ਲਿਖਿਤ ਵਿਕਲਪ ਪੇਸ਼ ਕਰਦਾ ਹੈ :

1). **ਵਿਵਸਥਿਤ ਨਿਵੇਸ਼ ਯੋਜਨਾਵਾਂ** : ਨਿਯਮਿਤ ਅੰਤਰਾਲ ਉਤੇ ਵਿਸ਼ੇਸ਼ ਯੋਜਨਾ ਵਿੱਚ ਨਿਸ਼ਚਿਤ ਰਕਮ ਦਾ ਨਿਵੇਸ਼ ਕਰਨ ਦੀ ਸੁਵਿਧਾ ਉਪਲਬੱਧ ਕਰਵਾਉਣਾ।

2). **ਵਿਵਸਥਿਤ ਨਿਕਾਸੀ ਯੋਜਨਾਵਾਂ** : ਨਿਯਮਿਤ ਅੰਤਰਾਲ ਉਤੇ ਵਿਸ਼ੇਸ਼ ਯੋਜਨਾ ਤੋਂ ਨਿਸ਼ਚਿਤ ਰਕਮ ਕੱਢਣ ਦੀ ਸੁਵਿਧਾ ਉਪਲਬੱਧ ਕਰਵਾਉਣਾ।

3). **ਵਿਵਸਥਿਤ ਟਰਾਂਸਫਰ ਯੋਜਨਾਵਾਂ** : ਨਿਯਮਿਤ ਅੰਤਰਾਲ ਉਤੇ ਇਕ ਯੋਜਨਾ ਤੋਂ ਦੂਜੀ ਯੋਜਨਾ ਵਿੱਚ ਧਨ ਦਾ ਟਰਾਂਸਫਰ ਕਰਨ ਦੀ ਸੁਵਿਧਾਉਪਲਬੱਧ ਕਰਵਾਉਣਾ।

## ਮਿਉਚੁਅਲ ਫੰਡ ਦੇ ਉਤਪਾਦ ਉਤੇ ਲੇਬਲ ਲਗਾਉਣਾ :

ਸੇਬੀ ਦੇ ਦਿਸ਼ਾਨਿਰਦੇਸ਼ਾਂ ਅਨੁਸਾਰ, ਮਿਉਚੁਅਲ ਫੰਡ ਯੋਜਨਾਵਾਂ ਦੀ ਲੇਬਲਿੰਗ ਯੋਜਨਾ ਵਿਚਲੇ ਜੋਖ਼ਿਮ ਦੇ ਪੱਧਰ ਅਨੁਸਾਰ ਕੀਤੀ ਜਾਂਦੀ ਹੈ ਅਤੇ ਉਸ ਨੂੰ ਰਿਸਕ-

ਓ-ਮੀਟਰ ਉਤੇ ਦਰਸਾਇਆ ਜਾਂਦਾ ਹੈ। ਰਿਸਕ-ਓ-ਮੀਟਰ ਦੇ ਵਿਭਿੰਨ ਲੇਬਲਜ਼ ਨਿਮਨ ਲਿਖਿਤ ਹਨ :

ਰਿਸਕ-ਓ- ਮੀਟਰ

- ਘੱਟ : ਨਿਵੇਸ਼ ਦੀ ਮੂਲ ਰਕਮ ਉਤੇ ਘੱਟ ਜੋਖ਼ਿਮ ਹੁੰਦਾ ਹੈ।
- ਮੱਧਮ ਘੱਟ : ਮੂਲ ਰਕਮ ਉਤੇ ਮੱਧਮ ਜੋਖ਼ਿਮ ਹੁੰਦਾ ਹੈ।
- ਮੱਧਮ : ਪੂੰਜੀ ਉਤੇ ਮੱਧਮ ਪੱਧਰ ਦਾ ਜੋਖ਼ਿਮ ਹੁੰਦਾ ਹੈ।
- ਮੱਧਮ ਉੱਚ : ਪੂੰਜੀ ਉਤੇ ਮੱਧਮ ਉੱਚ ਜੋਖ਼ਿਮ ਹੁੰਦਾ ਹੈ।
- ਉੱਚ : ਔਸਤ ਦਰਜੇ ਤੋਂ ਉਚੇਰੇ ਪੱਧਰ ਦਾ ਜੋਖ਼ਿਮ ਹੁੰਦਾ ਹੈ।

ਕਿਸੇ ਵੀ ਵਿਸ਼ੇਸ਼ ਯੋਜਨਾ ਵਿੱਚ ਨਿਵੇਸ਼ ਕਰਨ ਵੇਲੇ ਏਜੰਟਾਂ ਅਤੇ ਵਿਤਰਕਾਂ ਵਲੋਂ ਦਿੱਤੇ ਜਾਣ ਵਾਲੇ ਕਮੀਸ਼ਨ ਅਤੇ ਤੋਹਫੇ ਨਿਵੇਸ਼ਕਾਂ ਨੂੰ ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ। ਦੂਜੇ ਪਾਸੇ ਉਨ੍ਹਾਂ ਨੂੰ ਮਿਉਚੁਅਲ ਫੰਡ ਦੇ ਪੈਰ-ਚਿਨ੍ਹਾਂ ਉਤੇ ਵਿਚਾਰ ਕਰਨਾ ਚਾਹੀਦਾ ਹੈ,ਉਨ੍ਹਾਂ ਨੂੰ ਉਦੇਸ਼ ਅਤੇ ਸੂਚਿਤ ਨਿਰਣੇ ਲੈਣੇ ਚਾਹੀਦੇ ਹਨ।

**ਐਕਸਚੇਂਜ ਟਰੇਡਿਡ ਫੰਡ (ਈਟੀਐਫ) :**

ਐਕਸਚੇਂਜ ਟਰੇਡਿਡ ਫੰਡ (ਈਟੀਐਫ) ਇਕ ਸੁਰੱਖਿਆ ਹੈ, ਜੋ ਸੂਚਕਾਂਕ, ਕਮੋਡਿਟੀ (ਪਦਾਰਥ), ਬੌਂਡ, ਸੂਚੀਬੱਧ (ਇੰਡੇਕਸ) ਫੰਡ ਵਲੋਂ ਸੰਪਤੀਆਂ ਦੇ ਅੰਕ, ਇੰਡਕਸ ਫੰਡ ਆਦਿ ਉਤੇ ਨਜ਼ਰ ਰੱਖਦਾ ਹੈ ਅਤੇ ਇਨ੍ਹਾਂ ਰਾਹੀਂ ਪ੍ਰਤੀਭੂਤੀ ਬਾਜ਼ਾਰ ਵਿੱਚ ਕਾਰੋਬਾਰ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਈਟੀਐਫ ਅਜਿਹੇ ਸੂਚੀਬੱਧ ਫੰਡ ਹਨ, ਜੋ ਸੂਚਕਾਂਕ, ਨਿਫਟੀ ਆਦਿ ਉਤੇ ਨਜ਼ਰ ਰੱਖਦੇ ਹਨ।ਜਦੋਂ ਤੁਸੀਂ ਕਿਸੇ ਈਟੀਐਫ ਦੇ ਸ਼ੇਅਰ / ਯੂਨਿਟ ਖਰੀਦਦੇ ਹੋ ਤਾਂ ਤੁਸੀਂ ਅਸਲ ਵਿੱਚ ਇਕ ਪੋਰਟਫੋਲਿਓ ਦੇ ਸ਼ੇਅਰ / ਯੂਨਿਟ ਖਰੀਦਦੇ ਹੋ, ਜੋ ਇੰਡੇਕਸ ਦੇ ਪ੍ਰਦਰਸ਼ਨ ਉਤੇ ਨਜ਼ਰ ਰੱਖਦਾ ਹੈ। ਈਟੀਐਫ ਸਿਰਫ਼ ਉਨ੍ਹਾਂ ਵਲੋਂ ਟਰੈਕ (ਨਜ਼ਰ ਅਧੀਨ) ਕੀਤੇ ਗਏ ਸੂਚੀਬੱਧ ਜਾਂ ਇੰਡੇਕਸ ਦੇ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ।

ਨਿਯਮਿਤ ਮਿਉਚੁਅਲ ਫੰਡਾਂ ਦੇ ਉਲਟ, ਈਟੀਐਫ ਸਟਾਕ ਐਕਸਚੇਂਜ ਉਤੇ ਇਕ ਆਮ ਸਟਾਕ ਵਾਂਗ ਵਪਾਰ ਕਰਦਾ ਹੈ ਅਤੇ ਕਾਰੋਬਾਰ ਵਿੱਚ ਥੋੜੀ ਜਿਹੀ ਹਲਚਲ ਹੋਣ ਤੇ ਈਟੀਐਫ ਦੇ ਮੁੱਲ ਵਿੱਚ ਬਦਲਾਵ ਆ ਜਾਂਦਾ ਹੈ। ਈਟੀਐਫ ਦਾ ਕਾਰੋਬਾਰੀ (ਟਰੇਡਿੰਗ) ਮੁੱਲ ਉਸ ਅੰਤਰਨਿਹਿਤ ਸਟਾਕ ਦੀ ਅਸਲ ਸੰਪਤੀ ਦੇ ਮੁੱਲ ਉਤੇ ਨਿਰਭਰ ਕਰਦਾ ਹੈ, ਇਹ ਉਸੇ ਮੁੱਲ ਨੂੰ ਦਰਸਾਉਂਦਾ ਹੈ। ਈਟੀਐਫ, ਆਮ ਤੌਰ ਉਤੇ

ਮਿਉਚੁਅਲ ਫੰਡ ਯੋਜਨਾਵਾਂ ਦੀ ਤੁਲਨਾ ਵਿੱਚ ਇਹ ਉੱਚ ਰੋਜ਼ਾਨਾ ਦੀ ਤਰਲਤਾ ਅਤੇ ਘੱਟ ਫੀਸ ਹੈ।

## ਪ੍ਰਤੀਭੂਤੀ ਜਾਂ ਸੁਰੱਖਿਆ ਬਾਜ਼ਾਰ (ਸਿਕਓਰਿਟੀਜ਼ ਮਾਰਕੀਟ) ਵਿੱਚ ਸ਼ਿਕਾਇਤਾਂ ਦਾ ਨਿਪਟਾਰਾ :

## ਸੇਬੀ ਸਕੋਰਸ, ਆਰਬੀਟਰੇਸ਼ਨ (ਸਾਲਸੀ ਵਿਧੀ), ਗ਼ਬਨ ਕੀਤੀ ਗਈ ਰਕਮ (ਡਿਫੌਲਟਰ ਕਲੇਮ)

ਪ੍ਰਤੀਭੂਤੀ ਬਾਜ਼ਾਰ ਨਾਲ ਸੰਬੰਧਤ ਸ਼ਿਕਾਇਤ ਦੇ ਮਾਮਲੇ ਵਿੱਚ ਤੁਸੀਂ ਪਹਿਲਾ ਇਸ ਨਾਲ ਸੰਬੰਧਤ ਵਿਚੋਲੇ ਜਾਂ ਕੰਪਨੀ ਨਾਲ ਸੰਪਰਕ ਕਰ ਸਕਦੇ ਹੋ। ਸੰਬੰਧਤ ਵਿਚੋਲੇ ਜਾਂ ਕੰਪਨੀਆਂ ਵਿੱਚ ਤੁਹਾਡੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਸੁਵਿਧਾ ਉਪਲਬੱਧ ਹੁੰਦੀ ਹੈ। ਜੇ ਫਿਰ ਵੀ ਤੁਹਾਡੀ ਸ਼ਿਕਾਇਤ ਦਾ ਨਿਰਾਕਰਣ ਨਹੀਂ ਹੁੰਦਾ ਤਾਂ ਤੁਸੀਂ ਸੰਬੰਧਤ ਸਟਾਕ ਐਕਸਚੇਂਜ ਜਾਂ ਡਿਪੋਜ਼ਿਟਰੀ ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਅਜੇ ਤਕ ਕੀਤੀ ਗਈ ਕਾਰਵਾਈ ਨਾਲ ਸਤੁੰਸ਼ਟ ਨਹੀਂ ਤਾਂ ਤੁਸੀਂ ਆਪਣੀ ਸ਼ਿਕਾਇਤ ਵੇਬ ਆਧਾਰਤ ਕੇਂਦਰੀ ਸ਼ਿਕਾਇਤ ਨਿਵਾਰਣ ਦੇ ਜ਼ਰੀਏ ਸੇਬੀ ਵਿੱਚ ਦਰਜ਼ ਕਰਵਾ ਸਕਦੇ ਹੋ, ਜਿਸ ਨੂੰ ਸਕੋਰਸ ਕਿਹਾ ਜਾਂਦਾ ਹੈ (ਸੇਬੀ ਸ਼ਿਕਾਇਤ ਨਿਵਾਰਣ ਪ੍ਰਣਾਲੀ)। ਸਕੋਰਸ ਦਾ ਪਤਾ http://scores.gov.in. ਹੈ। ਸਕੋਰਸ ਬਾਰੇ ਵਧੇਰੇ ਜਾਣਕਾਰੀ ਲਈ ਤੁਸੀਂ ਸੇਬੀ ਦੇ ਟੌਲ ਫਰੀ ਹੇਲਪ ਲਾਈਨ ਨੰਬਰ- 1800 22 7575 ਅਤੇ 1800 266 7575 ਉਤੇ ਫੋਨ ਕਰ ਸਕਦੇ ਹੋ। ਜੇ ਤੁਸੀਂ ਆਪਣੀ ਸ਼ਿਕਾਇਤ ਸਕੋਰਸ ਉਤੇ ਕੀਤੀ ਹੈ ਤਾਂ ਤੁਸੀਂ ਕਿੱਧਰੋਂ ਵੀ, ਕਿੱਥੋਂ ਵੀ ਇਸ ਗੱਲ ਦਾ ਪਤਾ ਔਨਲਾਈਨ ਤੋਂ ਲੱਗਾ ਸਕਦੇ ਹੋ ਕਿ ਤੁਹਾਡੀ ਸ਼ਿਕਾਇਤ ਕਿਸ ਪੱਧਰ ਉਤੇ ਪੁਜੀ ਹੈ।

## ਸਟਾਕ ਐਕਸਚੇਂਜ ਦਾ ਨਿਵੇਸ਼ਕ ਸੇਵਾਵੀਂ ਸੈਲ (ਇੰਵੇਸਟਰ ਸਰਵਿਸਜ਼)

ਇੰਵੇਸਟਰ ਸਰਵਿਸਜ਼ ਸੈਲ ਨਿਵੇਸ਼ਕਾਂ ਦੇ ਪ੍ਰਸ਼ਨਾਂ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਦਾ ਹੈ ਅਤੇ ਵਿਵਾਦਾਂ ਦੇ ਅਰਧ ਨਿਆਂਇਕ ਸਮਾਧਾਨ ਲਈ ਆਰਬੀਟਰੇਸ਼ਨ ਵਿਧੀ ਪ੍ਰਦਾਨ ਕਰਦਾ ਹੈ।

ਸਟਾਕ ਐਕਸਚੇਂਜ ਐਨਐਸਈ ਸਥਿਤ ਨਿਵੇਸ਼ਕ ਸ਼ਿਕਾਇਤ ਸਮਾਧਾਨ ਪੈਨਲ (ਆਈਜੀਆਰਪੀ) ਅਤੇ ਬੀਐਸਈ ਲਿ. ਸਥਿਤ ਨਿਵੇਸ਼ਕ ਸ਼ਿਕਾਇਤ ਸਮਾਧਾਨ

ਕਮੇਟੀ ਦੇ ਜ਼ਰੀਏ ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ।

## ਆਰਬੀਟਰੇਸ਼ਨ ਤੰਤ੍ਰ (ਸਾਲਸੀ ਵਿਧੀ)

ਨਿਵੇਸ਼ਕ ਅਤੇ ਸਟਾਕ ਬਰੋਕਰ ਵਿਚਕਾਰ ਵਿਵਾਦ ਵਿਚਲੇ ਸਮਾਧਾਨ ਦੀ ਅਰਧ ਨਿਆਂਇਕ ਪ੍ਰਕ੍ਰਿਆ ਨੂੰ ਆਰਬੀਟਰੇਸ਼ਨ ਕਿਹਾ ਜਾਂਦਾ ਹੈ। ਜਦੋਂ ਦੋਵਾਂ ਧਿਰਾਂ ਵਿਚੋਂ ਕਿਸੇ ਇਕ ਧਿਰ ਨੂੰ ਇੰਜ ਲੱਗਦਾ ਹੈ ਕਿ ਦੂਜੇ ਪੱਖ ਵਲੋਂ ਵੀ ਸਟਾਕ ਐਕਸਚੇਂਜ ਦੀ ਸ਼ਿਕਾਇਤ ਨਿਪਟਾਰਾ ਪ੍ਰਕ੍ਰਿਆ ਦੇ ਜ਼ਰੀਏ ਸ਼ਿਕਾਇਤ ਦਾ ਸੰਤੋਸ਼ਮਈ ਹਲ ਨਹੀਂ ਹੋਇਆ ਤਾਂ ਧਿਰਾਂ ਸਟਾਕ ਐਕਸਚੇਂਜ ਵਿੱਚ ਉਪਲਬੱਧ ਆਰਬੀਟਰੇਸ਼ਨ ਪ੍ਰਕ੍ਰਿਆ ਦਾ ਰਾਹ ਚੁਣ ਸਕਦੇ ਹਨ।
ਨਿਵੇਸ਼ਕਾਂ ਦੇ ਸ਼ਿਕਾਇਤਾਂ ਨਿਪਟਾਰਾ ਕੇਂਦਰਾਂ ਦੀ ਸੂਚੀ, ਆਰਬੀਟਰੇਸ਼ਨ ਪ੍ਰਕ੍ਰਿਆ ਅਤੇ ਫੀਸ ਅਤੇ ਭੁਗਤਾਨ ਸੰਬੰਧੀ ਹੋਰ ਜਾਣਕਾਰੀ ਤੁਸੀਂ ਸਟਾਕ ਐਕਸਚੇਂਜਾਂ ਦੀਆਂ ਵੇਬਸਾਈਟਾਂ ਤੋਂ ਲੈ ਸਕਦੇ ਹੋ।

## ਬੇਦਾਵਾ ਸ਼ੇਅਰਾਂ ਜਾਂ ਭੁਗਤਾਨ ਨਾ ਕੀਤੀ ਗਈ ਰਕਮ ਸੰਬੰਧੀ ਜਾਣਕਾਰੀ – ਆਈਈਪੀਐਫ

ਨਿਵੇਸ਼ਕਾਂ ਦੀ ਜਾਗਰੂਕਤਾ ਅਤੇ ਨਿਵੇਸ਼ਕਾਂ ਦੇ ਹਿੱਤਾਂ ਦੀ ਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਪਨੀਜ਼ ਐਕਟ, 2013 ਦੇ ਸੇਕਸ਼ਨ 125 ਦੇ ਤਹਿਤ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ (ਆਈਈਪੀਐਫ) ਨੂੰ ਸਥਾਪਿਤ ਕੀਤਾ ਗਿਆ।ਆਈਈਪੀਐਫ ਪ੍ਰਾਧਿਕਰਣ ਇਕ ਕਾਨੂੰਨੀ ਸੰਸਥਾ ਹੈ, ਜਿਸ ਦਾ ਗਠਨ ਕੰਪਨੀ ਐਕਟ, 2013 ਦੀ ਧਾਰਾ ਅਧੀਨ ਕੀਤਾ ਗਿਆ ਹੈ।
ਸਾਰੇ ਲਾਭਅੰਸ਼ਾਂ ਅਤੇ ਸ਼ੇਅਰ , ਜੋ ਲਗਾਤਾਰ ਸੱਤ ਵਰ੍ਹਿਆਂ ਤਕ ਅਦਾਇਗੀ ਤੋਂ ਬਿਨਾ ਅਤੇ ਲਾਵਾਰਿਸ ਬਣੇ ਰਹਿੰਦੇ ਹਨ, ਉਨ੍ਹਾਂ ਸੰਬੰਧਤ ਕੰਪਨੀਆਂ ਵਲੋਂ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਨਿਧੀ ਪ੍ਰਾਧਿਕਰਣ (ਆਈਈਪੀਐਫ) ਨੂੰ ਸੌਂਪ ਦਿੱਤਾ ਜਾਂਦਾ ਹੈ। ਨਿਵੇਸ਼ਕ ਜਾਂ ਉਨ੍ਹਾਂ ਦੇ ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਅਣਅਦਾਇਗੀ ਲਾਭਅੰਸ਼ ਅਤੇ ਲਾਵਾਰਿਸ ਸ਼ੇਅਰਾਂ ਨੂੰ ਪ੍ਰਾਪਤ ਕਰਨ ਲਈ ਆਈਈਪੀਐਫ ਪ੍ਰਾਧਿਕਰਣ ਨੂੰ ਆਪਣਾ ਦਾਵਾ ਪੇਸ਼ ਕਰਨ ਦੀ ਲੋੜ ਹੁੰਦੀ ਹੈ।

ਵਧੇਰੇ ਜਾਣਕਾਰੀ ਲਈ ਨਿਵੇਸ਼ਕ ਹੇਠਲਿਖਿਤ ਵੇਬਸਾਈਟ ਉਤੇ ਜਾ ਕੇ ਦੇਖ ਸਕਦੇ ਹਨ:

**http://www.iepf.gov.in/IEPF/refund.html**

## ਅਨੁਬੰਧ-1

## (ਪ੍ਰਤੀਭੂਤੀ ਬਾਜ਼ਾਰ ਵਿੱਚ ਨਿਵੇਸ਼ / ਕਾਰੋਬਾਰ (ਟਰੇਡਿੰਗ) ਕਰਦੇ ਹੋਏ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ)

### ਕੀ ਕਰਨਾ ਚਾਹੀਦਾ ਹੈ

- ਪ੍ਰਤੀਭੂਤੀ ਬਾਜ਼ਾਰ ਵਿੱਚ ਪੂੰਜੀ ਨਿਵੇਸ਼ ਦੀ ਲੋੜਾਂ ਲਈ ਸੇਬੀ ਤੋਂ ਰਜਿਸਟਰਡ ਨਿਵੇਸ਼ ਸਲਾਹਕਾਰ ਤੋਂ ਸਲਾਹ ਲੈਣੀ ਚਾਹੀਦੀ ਹੈ।
- ਆਪਣੇ ਨਿਵੇਸ਼ ਦਾ ਉਦੇਸ਼ ਅਤੇ ਜੋਖ਼ਿਮ ਲੈਣ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖ ਕੇ ਨਿਵੇਸ਼ ਕਰਨਾ ਚਾਹੀਦਾ ਹੈ।
- ਆਪਣੇ ਵਲੋਂ ਕੀਤੇ ਗਏ ਟਰਾਂਜੇਕਸ਼ਨ ਦੇ 24 ਘੰਟਿਆਂ ਦੇ ਅੰਦਰ ਕਾਨੂੰਨੀ ਇਕਰਾਰਨਾਮੇ/ ਪੁਸ਼ਟੀ ਪੱਤਰ ਪ੍ਰਾਪਤ ਕਰਨ ਉਤੇ ਜ਼ੋਰ ਦਿਓ। ਨਿਯਮਿਤ ਰੂਪ ਤੋਂ ਆਪਣੇ ਡੀਮੈਟ ਖਾਤੇ ਵਿੱਚ ਪੋਰਟਫੋਲਿਓ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ।
- ਹਸਤਾਖ਼ਰ ਕਰਨ ਤੋਂ ਪਹਿਲਾ ਸਾਰੇ ਦਸਤਾਵੇਜ ਧਿਆਨ ਨਾਲ ਪੜ੍ਹੋ।
- ਆਪਣੇ ਖਾਤੇ ਉਤੇ ਲਾਗੂ ਹੋਣ ਵਾਲੇ ਸਾਰੇ ਭੁਗਤਾਨ / ਫੀਸ ਅਤੇ ਬਰੋਕੇਜ ਦਾ ਰਿਕਾਰਡ ਰੱਖਣਾ ਚਾਹੀਦਾ ਹੈ।
- ਹਸਤਾਖ਼ਰ ਕੀਤੇ ਗਏ ਦਸਤਾਵੇਜ, ਖਾਤਾ ਸਟੇਟਮੈਂਟ, ਪ੍ਰਾਪਤ ਹੋਇਆ ਇਕਰਾਰਨਾਮਾ ਅਤੇ ਕੀਤੇ ਗਏ ਭੁਗਤਾਨ ਦਾ ਰਿਕਾਰਡ ਰੱਖੋ।
- ਸਮੇਂ ਸਮੇਂ ਉਤੇ ਆਪਣੀਆਂ ਵਿੱਤੀ ਲੋੜਾਂ / ਟੀਚਿਆਂ ਦੀ ਦੁਬਾਰਾ ਸਮੀਖਿਆ ਕਰਦੇ ਰਹੋ ਅਤੇ ਇਸ ਨੂੰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਨਿਸ਼ਚਿਤ ਕਰਨ ਲਈ ਆਪਣੇ ਪੋਰਟਫੋਲਿਓ ਦੀ ਵਾਰ-ਵਾਰ ਸਮੀਖਿਆ ਕਰਦੇ ਰਹੋ।
- ਹਮੇਸ਼ਾ ਬੈਂਕਿੰਗ ਚੈਨਲਾਂ ਦੇ ਮਾਧਿਅਮ ਤੋਂ ਹੀ ਆਪਣੇ ਟਰਾਂਜੇਕਸ਼ਨ ਦਾ ਭੁਗਤਾਨ ਕਰੋਂ ਯਾਨੀ ਨਕਦ ਵਿੱਚ ਕੋਈ ਸੌਦਾ ਨਾ ਕਰੋਂ।
- ਆਪਣੀ ਜਾਣਕਾਰੀ ਨੂੰ ਹਮੇਸ਼ਾ ਅਪਡੇਟ ਰੱਖੋਂ। ਆਪਣੇ ਅਡ੍ਰੈਸ, ਬੈਂਕ ਸਟੇਟਮੈਂਟ, ਈਮੇਲ ਆਈਡੀ ਜਾਂ ਮੋਬਾਈਲ ਨੰਬਰ ਵਿੱਚ ਬਦਲਾਵ ਹੋਇਆ ਹੋਵੇ ਤਾਂ ਆਪਣੇ ਸਟਾਕ ਬਰੋਕਰ ਜਾਂ ਦਲਾਲ / ਡਿਪੋਜ਼ਿਟਰੀ ਸਹਿਭਾਗੀਆਂ ਨੂੰ ਸੂਚਿਤ ਕਰੋਂ।ਹੁਣ ਸਿਮ ਕਾਰਡ ਵਿੱਚ ਕਈ ਨੰਬਰ ਦੀ ਸਹੂਲਤ ਹੋਣ ਕਾਰਣ ਨਿਵੇਸ਼ਕ ਆਪਣੇ ਸੰਬੰਧਤ

ਖਾਤੇ ਨਾਲ ਇਕੋ ਹੀ ਨੰਬਰ ਨੂੰ ਜੋੜ ਸਕਦੇ ਹਨ।(ਸਾਰੇ ਮਹੱਤਵਪੂਰਣ ਟਰਾਂਜੇਕਸ਼ਨ ਲਈ ਮੋਬਾਈਲ ਨੰਬਰ ਅਤਿਅੰਤ ਮਹੱਤਵਪੂਰਣ ਹੁੰਦਾ ਹੈ।)

- ਆਪਣੇ ਸਾਰੇ ਨਿਵੇਸ਼ਾਂ ਲਈ ਮਨੋਨੀਤ ਦੀ ਸੁਵਿਧਾ ਦਾ ਲਾਭ ਚੁੱਕਣਾ ਚਾਹੀਦਾ ਹੈ। ਡੀਮੈਟ ਖਾਤੇ ਵਿੱਚ ਇਕ ਤੋਂ ਵੱਧ ਮਨੋਨੀਤ ਮੈਂਬਰਾਂ ਦੀ ਛੋਟ ਪ੍ਰਾਪਤ ਹੈ।
- ਆਪਣੇ ਚਲੰਤ ਖਾਤੇ (ਨਿਰਧਾਰਿਤ ਕੀਤੇ ਗਏ 30 / 90 ਦਿਨ) ਦੀ ਨਿਯਮਿਤ ਜਾਂਚ ਕਰਦੇ ਰਹੋ।
- ਨਿਯਮਿਤ ਰੂਪ ਨਾਲ ਆਪਣੇ ਚਲੰਤ ਖਾਤੇ ਦੀ ਸਮੀਖਿਆ ਕਰਦੇ ਰਹੋ।
- ਨਿਯਮਿਤ ਰੂਪ ਨਾਲ ਆਪਣੇ ਟਰੇਡਿੰਗ ਖਾਤੇ ਦੀ ਜਾਂਚ-ਪੜਤਾਲ ਅਤੇ ਸਮੀਖਿਆ ਕਰਦੇ ਰਹਿਣਾ ਚਾਹੀਦਾ ਹੈ।
- ਟਰੇਡ ਜਾਂ ਕਾਰੋਬਾਰ ਨਾਲ ਸੰਬੰਧਤ ਰੋਜ਼ਾਨਾ ਆਉਣ ਵਾਲੇ ਐਸਐਮਐਸ ਅਤੇ ਐਕਸਚੇਂਜ ਤੋਂ ਮਿਲੇ ਈਮੇਲਦੀ ਨਿਯਮਿਤ ਜਾਂਚ ਕਰਦੇ ਰਹੋਂ।
- ਟਰੇਡਿੰਗ ਮੈਂਬਰ ਕੋਲ ਰੱਖੇ ਗਏ ਟਰੇਡਿੰਗ ਖਾਤੇ ਵਿੱਚ ਫੰਡ ਅਤੇ ਪ੍ਰਤੀਭੂਤੀਆਂ ਦੇ ਬੈਲੇਂਸ ਸੰਬੰਧੀ ਐਕਸਚੇਂਜ ਤੋਂ ਮਿਲੇ ਮਾਸਿਕ ਐਸਐਮਐਸ ਅਤੇ ਈਮੇਲ ਦੀ ਨਿਯਮਿਤ ਜਾਂਚ ਕਰਦੇ ਰਹੋਂ।

## ਕੀ ਨਹੀਂ ਕਰਨਾ ਚਾਹੀਦਾ :

- ਕਰਜ਼ ਲੈ ਕੇ ਕਦੇ ਨਿਵੇਸ਼ ਨਾ ਕਰੋਂ।
- ਅਣਰਜਿਸਟਰਡ ਬਰੋਕਰਜ਼ ਜਾਂ ਅਣਰਜਿਸਟਰਡ ਵਿਚੋਲਿਆਂ ਨਾਲ ਕਦੇ ਸੌਦਾ ਨਾ ਕਰੋਂ।
- ਵਿਚੋਲੇ ਨੂੰ ਕਦੇ ਲੋੜੀਂਦੀ ਦਲਾਲੀ ਜਾਂ ਫੀਸ ਤੋਂ ਵੱਧ ਭੁਗਤਾਨ ਨਾ ਕਰੋਂ।
- ਸ਼ਰਤਾਂ ਅਤੇ ਨਿਯਮਾਂ ਨੂੰ ਸਮਝੇ ਬਿਨਾ ਕਿਸੇ ਵੀ ਦਸਤਾਵੇਜ ਉਤੇ ਕਦੇ ਹਸਤਾਖ਼ਰ ਨਾ ਕਰੋਂ।
- ਕੋਈ ਵੀ ਇਕਦਮ ਖਾਲੀ ਫਾਰਮ ਜਾਂ ਡਿਲੀਵਰੀ ਦਿਸ਼ਾ ਨਿਰਦੇਸ਼ਾਂ ਉਤੇ ਹਸਤਾਖ਼ਰ ਨਾ ਕਰੋਂ।
- ਸਟਾਕ ਬਰੋਕਰ / ਡਿਪੋਜ਼ਿਟਰੀ ਸਹਿਭਾਗੀਆਂ ਦੇ ਪੱਖ ਵਿੱਚ ਕਦੇ ਮੁਖ਼ਤਾਰਨਾਮਾ ਜਾਂ ਪਾਵਰ ਆਫ ਅਟਰਨੀ ਜਾਰੀ ਨਾ ਕਰੋਂ।ਜੇ ਤੁਸੀਂ ਪਾਵਰ ਆਫ ਅਟਰਨੀ ਜਾਰੀ ਕਰਨਾ ਚਾਹੁੰਦੇ ਹੋ ਤਾਂ ਇਸ ਵਿੱਚ ਸਾਵਧਾਨੀ ਵਰਤੋਂ ਅਤੇ ਕਿਸੇ ਵਿਸ਼ੇਸ਼ ਨੂੰ ਹੀ ਇਹ ਹੱਕ ਦਿਓ।

- ਕਿਸੇ ਵਿਵਾਦ ਦੇ ਮਾਮਲੇ ਵਿੱਚ, ਬਹੁਤੀ ਦੇਰ ਨਾ ਕਰਦੇ ਹੋਏ, ਸਹੀ ਵਕਤ ਉਤੇ ਵਿਚੋਲੇ / ਸਟਾਕ ਐਕਸਚੇਂਜ ਜਾਂ ਸੇਬੀ ਨੂੰ ਲਿਖਿਤ ਵਿੱਚ ਸ਼ਿਕਾਇਤ ਕਰੋਂ।
- ਡੱਬਾ ਟਰੇਡਿੰਗ ਗ਼ੈਰ ਕਾਨੂੰਨੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਲਾਗਤ ਦੀ ਦ੍ਰਿਸ਼ਟੀ ਤੋਂ ਇਹ ਸਸਤਾ ਹੈ ਤਾਂ ਵੀ ਡੱਬਾ ਟਰੇਡਿੰਗ ਤੋਂ ਦੂਰ ਰਹੋਂ, ਕਿਉਂਕਿ ਇਸ ਵਿੱਚ ਸੁਰੱਖਿਆ ਅਤੇ ਸਟਾਕ ਐਕਸਚੇਂਜਾਂ ਤੋਂ ਮਿਲ ਰਹੀ ਗਾਰੰਟੀ ਦਾ ਕੋਈ ਲਾਭ ਨਹੀਂ ਮਿਲਦਾ।
- ਭੜਕੀਲੇ ਸੁਝਾਵਾਂ ਉਤੇ ਯਕੀਨ ਕਰ ਕੇ ਕੋਈ ਨਿਵੇਸ਼ ਨਾ ਕਰੋਂ, ਕਿਉਂਕਿ ਅਜਿਹੇ ਸੁਝਾਓ ਉਨ੍ਹਾਂ ਲੋਕਾਂ ਵਲੋਂ ਹੀ ਫੈਲਾਏ ਜਾਂਦੇ ਹਨ, ਜੋ ਵਿਕ ਨਹੀਂ ਰਹੀਆਂ ਪ੍ਰਤੀਭੂਤੀਆਂ ਨੂੰ ਬਾਜ਼ਾਰ ਵਿੱਚ ਉਤਾਰਨਾ ਚਾਹੁੰਦੇ ਹਨ। ਭੜਕੀਲੇ ਸੁਝਾਵਾਂ ਦਾ ਪ੍ਰਸਾਰ ਗ਼ੈਰ ਕਾਨੂੰਨੀ ਹੈ, ਜਿਸ ਬਾਰੇ ਸੇਬੀ ਨੂੰ ਸੂਚਿਤ ਕਰਨਾ ਚਾਹੀਦਾ ਹੈ।
- ਕਿਸੇ ਨਾਲ ਆਪਣੇ ਔਨਲਾਈਨ ਖਾਤੇ ਦੇ ਪਾਸਪੋਰਡ ਨੰਬਰ ਦਾ ਆਦਾਨ ਪ੍ਰਦਾਨ ਨਹੀਂ ਕਰਨਾ ਚਾਹੀਦਾ। ਵਾਰ-ਵਾਰ ਪਾਸਪੋਰਡ ਨੰਬਰ ਬਦਲਦੇ ਰਹਿਣਾ ਚਾਹੀਦਾ ਹੈ।
- ਪੋਂਜ਼ੀ (ਭਰਮਿਤ) ਯੋਜਨਾਵਾਂ, ਅਣਰਜਿਸਟਰਡ ਚਿਟ ਫੰਡ, ਸੰਯੁਕਤ ਨਿਵੇਸ਼ ਜਾਂ ਡਿਪੋਜਿਟ ਯੋਜਨਾ ਵਿੱਚ ਨਿਵੇਸ਼ ਨਾ ਕਰੋਂ।
- ਆਪਣੇ ਕੇਵਾਈਸੀ ਦਸਤਾਵੇਜ ਵਿੱਚ ਕਿਸੇ ਵੀ ਸਥਾਨ ਨੂੰ ਖਾਲੀ ਨਾ ਛੱਡੋ।
- ਜੇ ਤੁਸੀਂ ਕੰਪਿਊਟਰ ਤੋਂ ਪਰਿਚਿਤ ਨਹੀਂ ਤਾਂ ਕਦੇ ਡਿਜੀਟਲ ਇਕਰਾਰਨਾਮੇ ਦਾ ਵਿਕਲਪ ਨਾ ਚੁਣੋਂ।

## ਅਨੁਬੰਧ -2

## (ਨਿਵੇਸ਼ਕਾਂ ਦੇ ਅਧਿਕਾਰ ਅਤੇ ਫਰਜ਼)

### ਨਿਵੇਸ਼ਕਾਂ ਨੂੰ ਹੇਠ ਲਿਖਿਤ ਅਧਿਕਾਰ ਪ੍ਰਾਪਤ ਹੁੰਦੇ ਹਨ :

- ਐਕਸਚੇਂਜ ਤੋਂ ਨਿਵੇਸ਼ਕ ਨੂੰ ਵਿਸ਼ੇਸ਼ ਗਾਹਕ ਨੰਬਰ (ਯੂਨੀਕ ਕਲਾਇੰਟ ਕੋਡ) ਪ੍ਰਾਪਤ ਕਰਨ ਦਾ ਅਧਿਕਾਰ ਹੈ।
- ਵਿਚੋਲੇ ਵਲੋਂ ਤਿਆਰ ਕੀਤੀ ਗਈ ਕੇਵਾਈਸੀ ਅਤੇ ਹੋਰ ਦਸਤਾਵੇਜਾਂ ਦੀ ਕਾਪੀ ਪ੍ਰਾਪਤ ਕਰਨ ਦਾ ਹੱਕ ਹੈ।
- ਸਿਰਫ਼ ਆਪਣੇ ਯੂਸੀਸੀ ਵਿੱਚ ਹੀ ਟਰੇਡ ਕਰਨ ਦਾ।
- ਮੈਂਬਰ ਨਾਲ ਸ਼ਰਤਾਂ ਪੂਰੀਆਂ ਹੋਣ ਤੋਂ ਬਾਦ ਹੀ ਆਰਡਰ ਰੱਖਣ ਦਾ।
- ਬਿਹਤਰੀਨ ਮੁੱਲ ਪ੍ਰਾਪਤ ਕਰਨ ਦਾ।
- ਕੀਤੇ ਗਏ ਟਰਾਂਜੇਕਸ਼ਨ ਦਾ ਇਕਰਾਰਨਾਮਾ ਪ੍ਰਾਪਤ ਕਰਨ ਦਾ।
- ਲਗਾਏ ਗਏ ਫੀਸਾਂ ਦਾ ਵਿਵਰਣ ਪੁੱਛਣ ਦਾ।
- ਸਮੇਂ ਸਮੇਂ ਉਤੇ ਧਨ ਅਤੇ ਪ੍ਰਤੀਭੂਤੀਆਂ ਪ੍ਰਾਪਤ ਕਰਨ ਦਾ।
- ਟਰੇਡਿੰਗ ਮੈਂਬਰ ਤੋਂ ਖਾਤਾ ਸਟੇਟਮੈਂਟ ਪ੍ਰਾਪਤ ਕਰਨ ਦਾ।
- ਖਾਤੇ ਦੀ ਸੈਟਲਮੈਂਟ ਬਾਰੇ ਪੁੱਛਣ ਦਾ ਹੱਕ।
- ਸਹਿਮਤ ਅਨੁਸੂਚੀ ਅਨੁਸਾਰ ਸਟੇਟਮੈਂਟ ਪ੍ਰਾਪਤ ਕਰਨ ਦਾ।

### ਨਿਵੇਸ਼ਕਾਂ ਦੇ ਫਰਜ਼ :

- ਨੋ ਯੋਰ ਕਲਾਇੰਟ (ਕੇਵਾਈਸੀ) ਦਸਤਾਵੇਜ ਅਤੇ ਉਸ ਨਾਲ ਸੰਬੰਧਤ ਦਸਤਾਵੇਜਾਂ ਨੂੰ ਤਿਆਰ ਕਰ ਕੇ ਸੌਂਪਣਾ।
- ਟਰੇਡਿੰਗ ਮੈਂਬਰ ਨਾਲ ਤੈਅ ਕੀਤੀ ਜਾ ਰਹੀਆਂ ਸਵੈਇੱਛਿਤ ਸ਼ਰਤਾਂ ਨੂੰ ਸਮਝੋਂ।
- ਟਰੇਡਿੰਗ ਮੈਂਬਰ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਸਮਝੋਂ।
- ਜੋਖ਼ਿਮ ਖੁਲਾਸਾ ਦਸਤਾਵੇਜ ਜ਼ਰੂਰ ਪੜੋਂ।
- ਉਤਪਾਦ, ਕਾਰਜਸ਼ੀਲ ਰੂਪਰੇਖਾ ਅਤੇ ਸਮੇਂ ਸੀਮਾ ਨੂੰ ਸਮਝੋਂ।
- ਮਾਰਜਿਨ ਦਾ ਭੁਗਤਾਨ ਸਮੇਂ ਸਿਰ ਕਰੋਂ।
- ਸੈਟਲਮੈਂਟ ਲਈ ਸਮੇਂ ਸਮੇਂ ਉਤੇ ਪ੍ਰਤੀਭੂਤੀਆਂ ਨੂੰ ਸੁਪਰਦ ਕਰੋਂ ਅਤੇ ਧਨ ਦਾ ਭੁਗਤਾਨ ਕਰਦੇ ਰਹੋਂ।

- ਟਰੇਡਸ ਦੇ ਵਿਵਰਣ ਦੀ ਜਾਂਚ ਕਰਦੇ ਰਹੋਂ।
- ਧਨ ਅਤੇ ਪ੍ਰਤੀਭੂਤੀਆਂ ਦੀ ਹਲਚਲ ਜਾਨਣ ਲਈ ਬੈਂਕ ਖਾਤੇ ਅਤੇ ਡੀਪੀ ਖਾਤੇ ਦੀ ਜਾਂਚ ਕਰੋਂ।
- ਇਕਰਾਰਨਾਮੇ ਅਤੇ ਖਾਤੇ ਦੀ ਸਟੇਟਮੈਂਟ ਦੀ ਸਮੀਖਿਆ ਕਰਦੇ ਰਹੋਂ।

## ਅਨੁਬੰਧ- 3

## ਅਣਰਜਿਸਟਰਡ ਨਿਵੇਸ਼ ਸਲਾਹਕਾਰ ਤੋਂ ਸਾਵਧਾਨੀ ਵਰਤੋਂ

ਸੇਬੀ (ਨਿਵੇਸ਼ ਸਲਾਹਕਾਰ) ਨਿਯਮਾਂ, 2013 ਦੇ ਤਹਿਤ ਸੇਬੀ ਨਿਵੇਸ਼ ਸਲਾਹਕਾਰ ਨੂੰ ਰਜਿਸਟਰਡਕੀਤਾ ਜਾਂਦਾ ਹੈ। 'ਨਿਵੇਸ਼ ਸਲਾਹਕਾਰ' ਯਾਨੀ ਕੋਈ ਅਜਿਹਾ ਵਿਅਕਤੀ, ਜੋ ਗਾਹਕਾਂ ਨੂੰ ਜਾਂ ਕੁਝ ਹੋਰ ਵਿਅਕਤੀਆਂ ਨੂੰ ਜਾਂ ਵਿਅਕਤੀਆਂ ਦੇ ਸਮੂਹ ਨੂੰ ਨਿਵੇਸ਼ ਕਰਨ ਦੀ ਸਲਾਹ ਦੇਣ ਦੇ ਕਾਰੋਬਾਰ ਵਿੱਚ ਲੱਗਾ ਹੋਇਆ ਹੋਵੇ ਅਤੇ ਆਪਣੇ ਆਪ ਨੂੰ ਕਿਸੇ ਵੀ ਨਾਂ ਤੋਂ ਨਿਵੇਸ਼ ਸਲਾਹਕਾਰ ਦੇ ਰੂਪ ਵਿੱਚ ਦੱਸਦਾ ਹੋਵੇ। ਦੂਜੇ ਸ਼ਬਦਾਂ ਵਿੱਚ, ਇਕ ਨਿਵੇਸ਼ ਸਲਾਹਕਾਰ ਇਕ ਅਜਿਹਾ ਵਿਅਕਤੀ ਹੈ, ਜੋ ਨਿਵੇਸ਼ਕਾਂ ਨੂੰ ਉਨ੍ਹਾਂ ਦੀਆਂ ਲੋੜਾਂ, ਜੋਖ਼ਿਮ ਅਤੇ ਵਾਪਸੀ ਦੀਆਂ ਉੱਮੀਦਾਂ ਨੂੰ ਜਾਨਣ ਵਿੱਚ ਮਦਦ ਕਰਦਾ ਹੈ ਅਤੇ ਉਸ ਤੋਂ ਬਾਦ ਨਿਵੇਸ਼ ਦੇ ਨਿਰਣੇ ਲੈਂਦਾ ਹੈ।

'ਨਿਵੇਸ਼ ਸਲਾਹ' ਤੋਂ ਭਾਵ ਪ੍ਰਤੀਭੂਤੀਆਂ ਜਾਂ ਨਿਵੇਸ਼ ਉਤਪਾਦਾਂ ਵਿੱਚ ਨਿਵੇਸ਼ ਕਰਨ, ਖਰੀਦ ਫ਼ਰੋਖ਼ਤ ਜਾਂ ਹੋਰਾਂ ਨਾਲ ਸੰਬੰਧਤ ਸਲਾਹ ਅਤੇ ਪ੍ਰਤੀਭੂਤੀਆਂ ਜਾਂ ਨਿਵੇਸ਼ ਉਤਪਾਦਾਂ ਤੋਂ ਯੁਕਤ ਨਿਵੇਸ਼ ਪੋਰਟਫੋਲਿਓ ਸੰਬੰਧਤ ਗਾਹਕ ਦੇ ਲਾਭ ਦੀ ਸਲਾਹ ਨਾਲ ਹੈ, ਭਾਵੇਂ ਉਹ ਲਿਖਿਤ ਹੋਵੇ, ਮੌਖਿਕ ਹੋਵੇ ਜਾਂ ਲਾਭ ਲਈ ਸੰਚਾਰ ਦੇ ਕਿਸੇ ਹੋਰ ਮਾਧਿਅਮ ਤੋਂ ਹੈ, ਜਿਸ ਵਿੱਚ ਗਾਹਕ ਦੀ ਅਤੇ ਵਿੱਤੀ ਯੋਜਨਾ ਦੀ ਜਾਣਕਾਰੀ ਵੀ ਸ਼ਾਮਿਲ ਹੁੰਦੀ ਹੈ। ਅਖ਼ਬਾਰ, ਪਤ੍ਰਿਕਾਵਾਂ, ਕਿਸੇ ਵੀ ਇਲਕਟ੍ਰੋਨਿਕ ਜਾਂ ਪ੍ਰਸਾਰਣ ਜਾਂ ਦੂਰਸੰਚਾਰ ਦੇ ਮਾਧਿਅਮ ਤੋਂ ਦਿੱਤੀ ਗਈ ਕੋਈ ਵੀ ਨਿਵੇਸ਼ ਸਲਾਹ, ਜੋ ਜਨਤਾ ਲਈ ਵਿਆਪਕ ਰੂਪ ਵਿੱਚ ਉਪਲਬੱਧ ਹੈ, ਨੂੰ ਇਸ ਉਦੇਸ਼ ਲਈ ਨਿਵੇਸ਼ ਸਲਾਹ ਨਹੀਂ ਮੰਨਿਆ ਜਾਂਦਾ।

ਨਿਵੇਸ਼ ਸਲਾਹਕਾਰ ਸੇਬੀ ਤੋਂ ਰਜਿਸਟਰਡ ਹੋਣਾ ਜ਼ਰੂਰੀ ਹੈ ਅਤੇ ਉਸ ਨੂੰ ਇਸ ਨਾਲ ਸੰਬੰਧਤ ਸਾਰੇ ਦਿਸ਼ਾਨਿਰਦੇਸ਼ਾਂ ਤੇ ਨਿਯਮਾਂ ਦਾ ਪਾਲਨ ਕਰਨਾ ਜ਼ਰੂਰੀ ਹੁੰਦਾ ਹੈ।ਸੇਬੀ ਰਜਿਸਟਰਡ ਤੋਂ ਬਿਨਾ ਨਿਵੇਸ਼ ਸਲਾਹਕਾਰ ਦੇ ਰੂਪ ਵਿੱਚ ਕਾਰਜ ਕਰਨਾ ਗ਼ੈਰ ਕਾਨੂੰਨੀ ਹੈ। ਸੇਬੀ ਅਜਿਹੀਆਂ ਗ਼ੈਰ ਕਾਨੂੰਨੀ ਪ੍ਰਵਿਰਤੀਆਂ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਵਿੱਚ ਜਤਨਸ਼ੀਲ ਹੈ।ਕੁਝ ਬੇਈਮਾਨ ਵਿਅਕਤੀ ਤੇ ਅਣਰਜਿਸਟਰਡ ਸੰਸਥਾਵਾਂ ਸਵੈ ਨੂੰ ਰਜਿਸਟਰਡ ਨਹੀਂ ਕਰਵਾਉਂਦੀਆਂ ਅਤੇ ਦਿਸ਼ਾਨਿਰਦੇਸ਼ਾਂ ਦਾ

ਪਾਲਨ ਵੀ ਨਹੀਂ ਕਰਦੀਆਂ। ਨਿਵੇਸ਼ ਸਲਾਹਕਾਰ ਦੀ ਸੀਮਾ ਸਿਰਫ਼ ਨਿਵੇਸ਼ ਸੰਬੰਧੀ ਸਲਾਹ ਦੇਣ ਤਕ ਹੀ ਹੈ। ਉਹ ਨਕਦ ਜਾਂ ਪ੍ਰਤੀਭੂਤੀਆਂ ਨੂੰ ਨਹੀਂ ਸਭਾਲ ਸਕਦੇ।

ਕੁਝ ਰਜਿਸਟਰਡ ਅਤੇ ਅਣਰਜਿਸਟਰਡ ਇਕਾਈਆਂ ਨਿਵੇਸ਼ ਸਲਾਹਕਾਰ (ਆਈਏ) ਦੇ ਰੂਪ ਵਿੱਚ ਕਾਰਜਸ਼ੀਲ ਹਨ, ਜਿਨ੍ਹਾਂ ਬਾਰੇ ਸੇਬੀ ਵਲੋਂ ਕੁਝ ਪ੍ਰਵਿਰਤੀਆਂ ਬਾਰੇ ਸੂਚਿਤ ਕੀਤਾ ਗਿਆ ਹੈ, ਉਨ੍ਹਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ :

- ਨਿਵੇਸ਼ ਲਸਾਹਕਾਰ ਵਲੋਂ ਗਾਹਕਾਂ ਨੂੰ ਨਿਸ਼ਚਿਤ ਆਮਦਨ ਦੀ ਪੇਸ਼ ਕੀਤੀ ਜਾਂਦੀ ਹੈ।
- ਭਾਰੀ ਮਾਤਰਾ ਵਿੱਚ ਰਿਟਰਨ (ਮੁਨਾਫ਼ੇ) ਦੇ ਝੂਠੇ ਵਾਦੇ ਕਰਨ ਦੇ ਨਾਲ ਗਾਹਕਾਂ ਤੋਂ ਭਾਰੀ ਫੀਸ ਵਸੂਲੀ ਜਾਂਦੀ ਹੈ।
- ਗਾਹਕ ਵਲੋਂ ਅਤਿਅੰਤ ਫੀਸ ਲੈਣ ਦੇ ਚੱਕਰ ਵਿੱਚ ਗਾਹਕ ਦੀ ਜੋਖ਼ਿਮ ਲੈਣ ਦੀ ਸਮਰੱਥਾ ਨੂੰ ਧਿਆਨ ਵਿੱਚ ਲਏ ਬਿਨਾ ਮਿਸ-ਸੇਲਿੰਗ (ਉਤਪਾਦ ਲਾਭ ਨੂੰ ਵਧਾਵਾ ਦੇਣਾ) ਵੀ ਕੀਤੀ ਜਾ ਰਹੀ ਹੈ। ਨੁਕਸਾਨ ਦੀ ਭਰਪਾਈ ਲਈ ਗਾਹਕ ਵਲੋਂ ਸ਼ਿਕਾਇਤ ਮਿਲਣ ਤੇ ਨਿਵੇਸ਼ ਸਲਾਹਕਾਰ ਗਾਹਕ ਨੂੰ ਉੱਚ ਜੋਖ਼ਿਮ ਵਾਲੇ ਉਤਪਾਦ ਦੀ ਪੇਸ਼ਕਸ਼ ਕਰਦੇ ਹਨ ਅਤੇ ਵਾਦਾ ਕਰਦੇ ਹਨ ਕਿ ਇਸ ਨਾਲ ਤੁਹਾਡੇ ਨੁਕਸਾਨ ਦੀ ਵਸੂਲੀ ਹੋ ਜਾਏਗੀ।
- ਗਾਹਕ ਵਲੋਂ ਟਰੇਡਿੰਗ ਕਰਦੇ ਹਨ।

- ਗਾਹਕ ਦੀ ਸਹਿਮਤੀ ਦੇ ਬਿਨਾ ਹੀ ਉੱਚ ਜੋਖ਼ਿਮ ਵਾਲੇ ਉਤਪਾਦਾਂ ਲਈ ਆਪਣੇ ਵਲੋਂ ਹੀ ਇਸ ਸੇਵਾ ਨੂੰ ਹੋਰ ਵਧਾਉਂਦੇ ਜਾਂ ਬਦਲਦੇ ਰਹਿੰਦੇ ਹਨ, ਜੋ ਗਾਹਕ ਦੀ ਜੋਖ਼ਿਮ ਲੈਣ ਦੀ ਸਮਰੱਥਾ ਨਾਲ ਮੇਲ ਨਹੀਂ ਖਾਂਦੀ ਹੈ।
- ਨਿਵੇਸ਼ ਸਲਾਹਕਾਰ ਵਲੋਂ ਖਰਾਬ ਸੇਵਾ ਦਿੱਤੇ ਜਾਣ ਤੇ ਗਾਹਕ ਨੂੰ ਨੁਕਸਾਨ ਸਹਿਣਾ ਪੈਂਦਾ ਹੈ।
- ਰਿਫੰਡ ਸੰਬੰਧੀ ਮੁੱਦੇ ਸੁਲਝਾਏ ਨਹੀਂ ਜਾਂਦੇ।

ਬਾਜ਼ਾਰ ਵਿੱਚ ਚਲ ਰਹੀਆਂਗਤੀਵਿਧੀਆਂ ਤੋਂ ਨਿਵੇਸ਼ਕਾਂ ਨੂੰ ਜਾਗਰੂਕ ਅਤੇ ਆਪਣੇ ਆਪ ਨੂੰ ਸੁਰੱਖਿਅਤ ਰਹਿਣ ਦੀ ਲੋੜ ਹੈ ਅਤੇ ਪੂੰਜੀ ਬਾਜ਼ਾਰ ਵਿੱਚ ਮਾਹਿਰ ਹੋਣ ਦਾ ਦਾਵਾ ਕਰਨ ਵਾਲੀਆਂ ਅਜਿਹੀਆਂ ਇਕਾਈਆਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਨਿਵੇਸ਼ਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੇਬੀ (ਨਿਵੇਸ਼ ਸਲਾਹਕਾਰ) ਨਿਯਮਾਵਲੀ, 2013 ਦੇ ਤਹਿਤ ਰਜਿਸਟਰਡ ਨਿਵੇਸ਼ ਸਲਾਹਕਾਰ ਤੋਂ ਹੀ ਸਲਾਹ

ਪ੍ਰਾਪਤ ਕਰਨ।ਅਜਿਹੀਆਂ ਇਕਾਈਆਂ ਦੀ ਸੂਚੀ https://www.sebi.gov.inਉਤੇਉਪਲਬੱਧ ਹੈ।

ਨਿਵੇਸ਼ ਸਲਾਹਕਾਰ ਨਾਲ ਸੌਦਾ ਕਰਦੇ ਸਮੇਂ ਕੀ ਕਰੀਏਂ ਅਤੇ ਕੀ ਨਾ ਕਰੀਏਂ

| ਕੀਕਰੀਏਂ | ਕੀ ਨਾ ਕਰੀਏਂ |
|---|---|
| -ਹਮੇਸ਼ਾ ਰਜਿਸਟਰਡ ਨਿਵੇਸ਼ ਸਲਾਹਕਾਰ ਨਾਲ ਹੀ ਸੌਦਾ ਕਰੋਂ।<br>-ਸੇਬੀ ਵਿੱਚ ਰਜਿਸਟਰਡ ਸਲਾਹਕਾਰ ਦੇ ਰਜਿਸਟਰਡ ਨੰਬਰ ਦੀ ਜਾਂਚ ਜ਼ਰੂਰ ਕਰੋਂ।ਸੇਬੀ ਤੋਂ ਰਜਿਸਟਰਡ ਸਾਰੇ ਨਿਵੇਸ਼ ਸਲਾਹਕਾਰਾਂ ਦੀ ਸੂਚੀ ਸੇਬੀ ਦੀ ਵੇਬਸਾਈਟ (https.//www/sebi.gov.in) ਉਤੇ ਉਪਲਬੱਧ ਹੈ।<br>-ਪਹਿਲਾ ਇਸ ਗੱਲ ਦੀ ਤੱਸਲੀ ਕਰ ਲਓ ਕਿ ਨਿਵੇਸ਼ ਸਲਾਹਕਾਰ ਕੋਲ ਕਾਨੂੰਨੀ ਰਜਿਸਟਰਡ ਪ੍ਰਮਾਣਪੱਤਰ ਹੈ।<br>-ਆਪਣੇ ਨਿਵੇਸ਼ ਸਲਾਹਕਾਰ ਨੂੰ ਸਿਰਫ਼ ਉਸ ਦੀ ਫੀਸ ਦਾ ਭੁਗਤਾਨ ਕਰੋਂ।ਅਤੇ ਆਪਣੇ ਕੋਲ ਇਸ ਭੁਗਤਾਨ ਦੀ ਰਸੀਦ ਜ਼ਰੂਰ ਸੰਭਾਲ ਕੇ ਰੱਖੋਂ।<br>-ਨਿਵੇਸ਼ ਦੀ ਸਲਾਹ ਲੈਣ ਤੋਂ ਪਹਿਲਾ ਆਪਣੇ ਜੋਖ਼ਿਮ ਦੀ ਰੂਪਰੇਖਾ ਬਾਰੇ ਉਸ ਤੋਂ ਜਾਣਕਾਰੀ ਪ੍ਰਾਪਤ ਕਰੋਂ।<br>-ਇਸ ਗੱਲ ਉਤੇ ਜ਼ੋਰ ਦਿਓ ਕਿ ਨਿਵੇਸ਼ ਸਲਾਹਕਾਰ ਤੁਹਾਡੇ ਜੋਖ਼ਿਮ ਦੀ ਰੂਪਰੇਖਾ ਦੇ ਆਧਾਰ ਉਤੇ ਹੀ ਤੁਹਾਨੂੰ ਸਲਾਹ ਦੇਵੇ ਅਤੇ ਉਪਲਬੱਧ ਨਿਵੇਸ਼ ਵਿਕਲਪਾਂ ਨੂੰ ਧਿਆਨ ਵਿੱਚ ਰੱਖੋਂ।<br>-ਨਿਵੇਸ਼ ਸਲਾਹਕਾਰ ਦੀ ਸਲਾਹ ਉਤੇ ਕੰਮ ਕਰਨ ਤੋਂ ਪਹਿਲਾ ਇਸ ਨਾਲ ਸੰਬੰਧਤ ਸਾਰੇ ਪ੍ਰਸ਼ਨ ਪੁੱਛੋ ਅਤੇ ਆਪਣੇ ਸ਼ੰਕੇ ਤੇ ਸ਼ੁਬ੍ਹਾ ਦੂਰ ਕਰੋਂ। | - ਅਣਰਜਿਸਟਰਡ ਇਕਾਈਆਂ ਰਾਹੀਂ ਕੋਈ ਸੌਦਾ ਨਹੀਂ ਕਰਨਾ ਚਾਹੀਦਾ।<br>- ਨਿਵੇਸ਼ ਸਲਾਹਕਾਰ ਵਲੋਂ ਪੇਸ਼ ਕੀਤੀਆਂ ਗਈਆਂ ਭ੍ਰਮਿਤ ਸਟਾਕ ਮਸ਼ਵਰਿਆਂ ਤੋਂ ਆਕਰਸ਼ਿਤ ਹੋ ਕੇ ਕੋਈ ਸੌਦਾ ਨਾ ਕਰੋਂ।<br>-ਨਿਵੇਸ਼ ਸਲਾਹਕਾਰ ਨੂੰ ਪੂੰਜੀ ਨਿਵੇਸ਼ ਕਰਨ ਲਈ ਕਦੇ ਵੀ ਆਪਣਾ ਧਨ ਨਾ ਦਿਓ।<br>-ਨਿਸ਼ਚਿਤ ਰਿਟਰਨ (ਮੁਨਾਫ਼ੇ) ਦੇ ਚੱਕਰ ਵਿੱਚ ਨਾ ਪਓ।<br>ਤਰਕਸੰਗਤ ਨਿਵੇਸ਼ ਨਿਰਣਿਆਂ ਤੋਂ ਦੂਰ ਰਹੋਂ।<br>-ਇਸ਼ਤਿਹਾਰਾਂ ਅਤੇ ਬਾਜ਼ਾਰ ਦੀਆਂ ਅਫਵਾਹਾਂ ਤੋਂ ਆਕਰਸ਼ਿਤ ਨਾ ਹੋਵੋ।<br>-ਨਿਵੇਸ਼ ਸਲਾਹਕਾਰ ਜਾਂ ਉਸ ਦੇ ਪ੍ਰਤੀਨਿਧੀ ਨਾਲ ਫੋਨ ਕਾਲ ਜਾਂ ਸੰਦੇਸ਼ ਦੇ ਆਧਾਰ ਉਤੇ ਟਰਾਂਜੇਕਸ਼ਨ ਨਾ ਕਰੋਂ।<br>-ਨਿਵੇਸ਼ ਸਲਾਹਕਾਰ ਵਲੋਂ ਬਾਰ-ਬਾਰ ਕੀਤੇ ਗਏ ਸੰਦੇਸ਼ਾਂ ਅਤੇ ਫੋਨਦ ` ਆਧਾਰ ਉਤੇ ਨਿਵੇਸ਼ ਕਰਨ ਦਾ ਨਿਰਣਾ ਨਾ ਲਵੋ।<br>-ਨਿਵੇਸ਼ ਸਲਾਹਕਾਰ ਵਲੋਂ ਪੇਸ਼ ਕੀਤੇ ਗਏ ਸੀਮਿਤ ਮਿਆਦ ਵਾਲੇ ਡਿਸਕਾਊਂਟ (ਛੋਟ) ਜਾਂ ਹੋਰ ਪ੍ਰੋਤਸਾਹਨ ਤੇ ਤੋਹਫਿਆਂ ਆਦਿ ਦੇ ਚੱਕਰ ਵਿੱਚ ਨਾ ਪਵੋ। |

| | |
|---|---|
| -ਨਿਵੇਸ਼ ਕਰਨ ਤੋਂ ਪਹਿਲਾ ਨਿਵੇਸ਼ ਦਾ ਜੋਖ਼ਿਮ ਅਤੇ ਸੁਰੱਖਿਆ ਦੀ ਜਾਂਚ ਜ਼ਰੂਰ ਕਰ ਲਓ।<br>-ਹਮੇਸ਼ਾ ਵਿਧੀ ਪੂਰਵਕ ਹਸਤਾਖ਼ਰਿਤ ਅਤੇ ਮੋਹਰਬੱਧ ਲਿਖਿਤ ਨਿਯਮਾਂ ਅਤੇ ਸ਼ਰਤਾਂ ਨੂੰ ਪ੍ਰਾਪਤ ਕਰਨ ਉਤੇ ਜ਼ੋਰ ਦਿਓ। ਕਿਸੇ ਵੀ ਨਿਵੇਸ਼ ਸਲਾਹਕਾਰ ਨਾਲ ਸੌਦਾ ਕਰਨ ਤੋਂ ਪਹਿਲਾ ਖਾਸ ਤੌਰ ਤੇ ਸਲਾਹਕਾਰ ਦੀ ਫੀਸ, ਯੋਜਨਾਵਾਂ ਅਤੇ ਸਿਫਾਰਿਸ਼ਾਂ ਦੀ ਸ਼੍ਰੇਣੀ ਆਦਿ ਸ਼ਰਤਾਂ ਅਤੇ ਨਿਯਮਾਂ ਨੂੰ ਧਿਆਨ ਨਾਲ ਪੜ੍ਹੋ।<br>- ਟਰਾਂਜੇਕਸ਼ਨ ਕਰਦੇ ਹੋਏ ਸਾਵਧਾਨੀ ਵਰਤੋਂ।<br>-ਆਪਣੇ ਸ਼ੰਕੇ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਉਪਯੁਕਤ ਅਧਿਕਾਰੀਆਂ ਨਾਲ ਸੰਪਰਕ ਕਰੋਂ।ਨਿਵੇਸ਼ ਸਲਾਹਕਾਰ ਨਿਸ਼ਚਿਤ ਅਤੇ ਗਾਰੰਟੀਮਈ ਰਿਟਰਨ ਦੀ ਪੇਸ਼ਕਸ਼ ਕਰਦਾ ਹੈ, ਇਸ ਬਾਰੇ ਸੇਬੀ ਨੂੰ ਸੂਚਿਤ ਕਰੋਂ। | -ਤੁਹਾਡੀ ਜੋਖ਼ਿਮ ਸਮਰੱਥਾ ਜਾਂ ਨਿਵੇਸ਼ ਟੀਚਿਆਂ ਦੇ ਵਿਰੁੱਧ ਜਾ ਕੇ ਜਲਦਬਾਜ਼ੀ ਵਿੱਚ ਕਰਨ ਦੀ ਭੁੱਲ ਕਦੇ ਨਾ ਕਰੋਂ। |

## ਅਨੁਬੰਧ–4

## ਏਐਸਬੀਏ ਵਿੱਚ ਯੂਨੀਫਾਈਡ ਪੇਮੇਂਟ ਇੰਟਰਫੇਸ

ਨਿਵੇਸ਼ਕ ਹੁਣਭੁਗਤਾਨ ਪ੍ਰਣਾਲੀ ਦੇ ਰੂਪ ਵਿੱਚ ਯੂਨੀਫਾਈਡ ਪੇਮੇਂਟ ਇੰਟਰਫੇਸ (ਯੂਪੀਆਈ) ਦੀ ਵਰਤੋਂ ਕਰ ਕੇ ਆਈਪੀਓ ਵਿੱਚ ਨਿਵੇਸ਼ ਕਰ ਸਕਦੇ ਹਨ। ਯੂਪੀਆਈ ਇਕ ਅਜਿਹੀ ਪ੍ਰਣਾਲੀ ਹੈ, ਜੋ ਕਈ ਬੈਂਕ ਖਾਤਿਆਂ ਨੂੰ ਇਕ ਇੱਕਲ ਮੋਬਾਈਲ ਐਪਲੀਕੇਸ਼ਨ (ਕਿਸੇ ਵੀ ਭਾਗ ਲੈਣ ਵਾਲੇ ਬੈਂਕ) ਵਿੱਚ, ਕਈ ਬੈਂਕਿੰਗ ਵਿਸ਼ੇਸ਼ਤਾਵਾਂ, ਆਸਾਨੀ ਨਾਲ ਫੰਡ ਟਰਾਂਸਫਰ ਅਤੇ ਮਰਚੇਂਟ ਭੁਗਤਾਨ ਨੂੰ ਇਕ ਇੱਕਲ ਤੰਤ੍ਰ ਵਿੱਚ ਵਿਲੀਨ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ।

### ਯੂਪੀਆਈ ਦੀ ਵਰਤੋਂ ਰਾਹੀਂ ਕਿਵੇਂ ਨਿਵੇਸ਼ ਕੀਤਾ ਜਾਏ :

1). ਯੂਪੀਆਈ ਰਾਹੀਂ ਬੋਲੀ ਲਗਾਉਣਾ : ਨਿਵੇਸ਼ਕਾਂ ਨੂੰ ਆਪਣੀ ਯੂਪੀਆਈ ਆਈਡੀ ਨਾਲ ਆਵੇਦਨ ਪੱਤਰ ਵਿੱਚ ਲਗਾਈ ਜਾਣ ਵਾਲੀ ਬੋਲੀ ਦਾ ਵਿਵਰਣ ਭਰਨਾ ਚਾਹੀਦਾ ਹੈ। ਆਵੇਦਨ ਵਿਚੋਲਿਆਂ ਨੂੰ ਸੁਪਰਦ ਕੀਤਾ ਜਾ ਸਕਦਾ ਹੈ, ਜੋ ਸਟਾਕ ਐਕਸਚੇਂਜ ਬਿਲਡਿੰਗ ਪਲੇਟਫਾਰਮ ਵਿੱਚ ਯੂਪੀਆਈ ਆਈਡੀ ਨਾਲ ਬੋਲੀ ਦੇ ਵਿਵਰਣ ਅਪਲੋਡ ਕਰਨਗੇ। ਸਟਾਕ ਐਕਸਚੇਂਜ ਜਾਰੀ ਕਰਤਾ ਕੰਪਨੀ ਵਲੋਂ ਨਿਯੁਕਤ ਇਕਰਾਰਨਾਮਾ / ਸਰਪ੍ਰਸਤ ਬੈਂਕ ਨਾਲ ਨਿਵੇਸ਼ਕਾਂ ਨੂੰ ਯੂਪੀਆਈ ਆਈਡੀ ਸਹਿਤ ਬੋਲੀ ਦਾ ਵਿਵਰਣ ਇਲੇਕਟ੍ਰਾਨਿਕ ਰੂਪ ਵਿੱਚ ਭੇਜੇਗਾ।

2). ਫੰਡ ਨੂੰ ਰੋਕਣਾ : ਇਕਰਾਰਨਾਮਾ / ਸਰਪ੍ਰਸਤ ਬੈਂਕ, ਨਿਵੇਸ਼ਕ ਦੀ ਆਵੇਦਨ ਕੀਤੀ ਰਕਮ ਦੇ ਬਰਾਬਰ ਧਨ ਨੂੰ ਰੋਕਣ ਅਤੇ ਉਸ ਤੋਂ ਬਾਦ ਉਸ ਦੇ ਨਿਰਧਾਰਣ ਦੇ ਮਾਮਲੇ ਵਿੱਚ ਰਕਮ ਨੂੰ ਡੇਬਿਟ ਕਰਨ ਦੀ ਗੁਜਾਰਿਸ਼ ਕਰੇਗੀ। ਨਿਵੇਸ਼ਕ ਵਲੋਂ ਧਨ ਰੋਕਣ ਦੀ ਗੁਜਾਰਿਸ਼ ਸਵੀਕ੍ਰਿਤ ਕਰਨ ਤੋਂ ਬਾਦ ਹੀ ਰਕਮ ਨਿਵੇਸ਼ਕਾਂ ਦੇ ਖਾਤੇ ਵਿੱਚ ਭੇਜਣ ਤੋਂ ਵੀ ਰੋਕ ਲਈ ਜਾਏਗੀ ਅਤੇ ਨਿਵੇਸ਼ਕਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਏਗਾ।

3). ਨਿਰਧਾਰਣ ਦੀ ਪ੍ਰਕ੍ਰਿਆ ਤੋਂ ਬਾਦ ਸ਼ੇਅਰਾਂ ਲਈ ਭੁਗਤਾਨ : ਇਕ ਵਾਰ ਸ਼ੇਅਰਾਂ ਦਾ ਨਿਰਧਾਰਣ ਹੋਣ ਤੋਂ ਬਾਦ, ਨਿਵੇਸ਼ਕਾਂ ਦੇ ਖਾਤਿਆਂ ਤੋਂ ਰਕਮ ਦੀ ਡੇਬਿਟ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੋਏਗੀ ਅਤੇ ਵਧੇਰੇ ਰਕਮ ਦੀ ਰੋਕ ਨੂੰ ਹਟਾਇਆ

ਜਾਏਗਾ ਜਾਂ ਉਸ ਨੂੰ ਅਣਬਲੌਕ ਕੀਤਾ ਜਾਏਗਾ। ਇਹ ਪ੍ਰਕ੍ਰਿਆ ਨਿਵੇਸ਼ਕਾਂ ਰਾਹੀਂ ਫੰਡ ਨੂੰ ਰੋਕਣ ਵੇਲੇ ਯੂਪੀਆਈ ਪਿਨ ਦੀ ਵਰਤੋਂ ਕਰ ਕੇ ਦਿੱਤੇ ਗਏ ਪ੍ਰਾਧਿਕਰਣ ਦੇ ਆਧਾਰ ਉਤੇ ਹੋਏਗੀ।

| |
|---|
| ਆਈਪੀਓ ਵਿੱਚ ਨਿਵੇਸ਼ ਕਰਨ ਲਈ ਯੂਪੀਆਈ ਦੀ ਵਰਤੋਂ ਕਰਦੇ ਹੋਏ ਧਿਆਨ ਰੱਖਣ ਵਾਲੇ ਨੁਕਤੇ :<br>-ਆਪਣੀ ਯੂਪੀਆਈ ਆਈਡੀ ਇਕ ਅਜਿਹੇ ਬੈਂਕ ਵਿੱਚ ਬਣਾਓ, ਜਿਸ ਦਾ ਨਾਂ ਸੇਬੀ ਦੀ ਵੇਬਸਾਈਟ ਉਤੇ ਉਪਲਬੱਧ ਸੇਲਫ-ਸਰਟੀਫਾਈਂ ਸਿੰਡੀਕੇਟ ਬੈਂਕਾਂ (ਐਸਸੀਬੀਐਸ) ਦੀ ਸੂਚੀ ਵਿੱਚ ਸ਼ਾਮਿਲ ਹੋਵੇ, ਜੋ ਇਕ ਜਾਰੀਕਰਤਾ ਬੈਂਕ ਦੇ ਰੂਪ ਵਿੱਚ ਵੀ ਕਾਰਜ ਕਰਦਾ ਹੋਵੇ।<br>-ਸੇਬੀ ਦੀ ਵੇਬਸਾਈਟ ਉਤੇ ਉਪਲਬੱਧ ਸਿਰਫ਼ ਮੋਬਾਈਲ ਐਪਲੀਕੇਸ਼ਨ ਅਤੇ ਯੂਪੀਆਈ ਹੈਂਡਲ ਦੀ ਵਰਤੋਂ ਕਰੋਂ।ਜਿਸ ਦਾ ਉਲੇਖ ਵੇਬਸਾਈਟ ਜਨਤਕ ਮੁੱਦਿਆਂ ਵਿੱਚ ਯੂਪੀਆਈ ਦੀ ਵਰਤੋਂ ਕਰਨ ਲਈ ਮੋਬਾਈਲ ਐਪਲੀਕੇਸ਼ਨ ਦੀ ਸੂਚੀ ਵਿੱਚ ਕੀਤਾ ਗਿਆ ਹੋਵੇ।<br>-ਸਿਰਫ਼ ਇਕ ਸਿੰਡੀਕੇਟ ਮੈਂਬਰ ਜਾਂ ਇਕ ਰਜਿਸਟਰਡ ਸਟਾਕ ਬਰੋਕਰ ਜਾਂ ਇਕ ਰਜਿਸਟਾਰ ਅਤੇ ਟਰਾਂਸਫਰ ਏਜੰਟ ਜਾਂ ਇਕ ਡਿਪੋਜ਼ਿਟਰੀ ਸਹਿਭਾਗੀ ਲਈ ਇਕੋ ਹੀ ਭੁਗਤਾਨ ਵਿਧੀ ਦੇ ਰੂਪ ਵਿੱਚ ਯੂਪੀਆਈ ਨਾਲ ਆਪਣਾ ਆਵੇਦਨ ਫਾਰਮ ਜਮ੍ਹਾ ਕਰੋਂ।<br>-ਯੂਪੀਆਈ ਉਤੇ ਪ੍ਰਤੀ ਲੈਣ ਦੇਣ ਆਈਪੀਓ ਆਵੇਦਨ ਦੀ ਸੀਮਾ 2 ਲੱਖ ਰੁਪਏ ਹੈ ਅਤੇ ਇਹ ਸਿਰਫ਼ਖੁਦਰਾ ਨਿਜੀ ਨਿਵੇਸ਼ਕਾਂ ਲਈ ਹੀ ਉਪਲਬੱਧ ਹੈ।<br>-ਥਰਡ (ਤੀਜੀ) ਪਾਰਟੀ ਯੂਪੀਆਈ ਆਈਡੀ ਜਾਂ ਥਰਡ ਪਾਰਟੀ ਬੈਂਕ ਅਕਾਊਂਟ ਦਾ ਇਸਤੇਮਾਲ ਕਰਨ ਵਾਲੇ ਨਿਵੇਸ਼ਕਾਂ ਨੂੰ ਇਹ ਨਿਰਧਾਰਣ ਕਰਨ ਉਤੇ ਵਿਚਾਰ ਨਹੀਂ ਕੀਤਾ ਜਾਏਗਾ। |

# ਅਨੁਬੰਧ-5

## ਸ਼ਬਦਾਵਲੀ

| ਕ੍ਰਮ | ਸੰਕੇਤਕ ਸ਼ਬਦਾਵਲੀ | ਪੂਰਣ ਸ਼ਬਦ |
|---|---|---|
| 1. | ਏਐਮਸੀ | ਸਾਲਾਨਾ ਰੱਖਰਖਾਵ ਭੁਗਤਾਨ |
| 2. | ਏਐਸਬੀਏ | ਬਲੌਕ ਕੀਤੀ ਰਕਮ ਨੂੰ ਐਪਲੀਕੇਸ਼ਨ ਰਾਹੀਂ ਸਮਰਥਨ |
| 3. | ਬੀਐਸਡੀਏ | ਡੀਮੈਟ ਖਾਤੇ ਦੀਆਂ ਬੁਨਿਆਦੀ ਸੇਵਾਵਾਂ |
| 4. | ਸੀਏਐਸ | ਸੰਯੁਕਤ ਖਾਤਾ ਸਟੇਟਮੈਂਟ |
| 5. | ਸੀਡੀਐਸਐਲ | ਕੇਂਦਰੀ ਡਿਪਾਜ਼ਿਟਰੀ ਸੇਵਾ (ਭਾਰਤ) ਲਿਮਿਟੇਡ |
| 6. | ਡੀਮੈਟ | ਡੀਮੈਟਲਾਇਜ਼ਡ |
| 7. | ਡੀਪੀ | ਡਿਪਾਜ਼ਿਟਰੀ ਸਹਿਭਾਗੀ |
| 8. | ਆਈਏ | ਨਿਵੇਸ਼ਕ ਸਲਾਹਕਾਰ |
| 9. | ਆਈਜੀਆਰਸੀ | ਨਿਵੇਸ਼ਕ ਸ਼ਿਕਾਇਤ ਨਿਵਾਰਣ ਕਮੇਟੀ |
| 10. | ਆਈਜੀਆਰਪੀ | ਨਿਵੇਸ਼ਖ ਸ਼ਿਕਾਇਤ ਸਮਾਧਾਨ ਪੈਨਲ |
| 11. | ਆਈਪੀਓ | ਪ੍ਰਾਇਮਰੀ ਜਨਤਕ ਆਫਰ |
| 12. | ਕੇਆਈਐਨ | ਕੇਵਾਈਸੀ ਪ੍ਰਮਾਣਪਤਰ ਨੰਬਰ |
| 13. | ਕੇਵਾਈਸੀ | ਆਪਣੇ ਗਾਹਕ ਨੂੰ ਜਾਣੋ |
| 14. | ਐਮਐਲਐਲ | ਬਾਜ਼ਾਰ ਦੇ ਬੁਨਿਆਦੀ ਵਿਚੋਲੇ |
| 15. | ਐਮਐਸਈ | ਮੈਟਰੋਪੋਲਿਟਨ ਸਟਾਕ ਐਕਸਚੇਂਜ ਆਫ ਇੰਡੀਆ ਲਿ. |
| 16. | ਐਨਐਸਡੀਐਲ | ਰਾਸ਼ਟਰੀ ਸਿਕਓਰਿਟੀਜ਼ ਡਿਪਾਜ਼ਿਟਰੀ ਲਿ. |

| | | |
|---|---|---|
| 17. | ਐਨਐਸਈ ਲਿ. | ਰਾਸ਼ਟਰੀ ਸਟਾਕ ਐਕਸਚੇਂਜ ਆਫ ਇੰਡੀਆ ਲਿ. |
| 18. | ਪੀਏਐਨ (ਪੈਨ ਨੰ.) | ਸਥਾਈ ਖਾਤਾ ਨੰਬਰ |
| 19. | ਪੀਓਏ | ਪਾਵਰ ਆਫ ਅਟਰਨੀ |
| 20. | ਐਸਸੀਓਆਰਈਐਸ (ਸਕੋਰਸ) | ਸੇਬੀ ਸ਼ਿਕਾਇਤ ਨਿਪਟਾਰਾ ਪ੍ਰਣਾਲੀ |
| 21. | ਸੇਬੀ | ਸਿਕਓਰਿਟੀਜ਼ ਅਤੇ ਐਕਸਚੇਂਜ ਬੋਰਡ ਆਫ ਇੰਡੀਆ |
| 22. | ਐਸਐਮਐਸ | ਸ਼ੋਰਟ ਮੈਸੇਜ ਸਰਵਿਸ |
| 23. | ਯੂਸੀਸੀ | ਵਿਸ਼ਿਸ਼ਟ ਗਾਹਕ ਕੋਡ |
| 24. | ਯੂਆਈਡੀ | ਵਿਸ਼ਿਸ਼ਟ ਪਛਾਣ ਪੱਤਰ |

**ਸਪਸ਼ਟੀਕਰਣ :**

ਇਸ ਪ੍ਰਕਾਸ਼ਨ ਵਿੱਚ ਕਮੀਆਂ ਅਤੇ ਚੂਕਾਂ ਤੋਂ ਬਚਣ ਲਈ ਹਰ ਸੰਭਵ ਜਤਨ ਕੀਤਾ ਗਿਆ ਹੈ। ਪ੍ਰਕਾਸ਼ਕ ਇਸ ਸਾਮਗਰੀ ਦੀ ਵਰਤੋਂ ਕਰਨ ਤੇ, ਕਿਸੇ ਤਰ੍ਹਾਂ ਦੇ, ਕਿਸੇ ਨੂੰ ਵੀ, ਕੋਈ ਨੁਕਸਾਨ ਹੋਣ ਤੇ ਜ਼ਿੰਮੇਵਾਰ ਨਹੀਂ ਹੈ।

:**ਸੰਯੁਕਤ ਰੂਪ ਤੋਂ ਪ੍ਰਕਾਸ਼ਿਤ**

- ਭਾਰਤੀ ਸਿਕਓਰਿਟੀਜ਼ ਅਤੇ ਵਟਾਂਦਰਾ ਬੋਰਡ (ਸੇਬੀ)
- ਬੀਐਸਈ ਲਿ.
- ਨੈਸ਼ਨਲ ਸਿਕਓਰਿਟੀਜ਼ ਡਿਪੋਜ਼ਿਟਰੀ ਲਿ.
- ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿ.
- ਸੇਂਟਰਲ ਡਿਪੋਜ਼ਿਟਰੀ ਸਰਵਿਸਜ਼ (ਇੰਡੀਆ) ਲਿ.
- ਮੇਟਰੋਪੋਲਿਟਨ ਸਟਾਕ ਐਕਸਚੇਂਜ ਬੋਰਡ ਆਫ ਇੰਡੀਆ

ਮਿਤੀ :

**ਪਾਠਕ ਧਿਆਨ ਦੇਣ :**

ਇਸ ਪੁਸਤਿਕਾ ਦਾ ਉਦੇਸ਼ ਤੁਹਾਨੂੰ ਪ੍ਰਤੀਭੂਤੀ ਬਾਜ਼ਾਰ ਬਾਰੇ ਵਿਸਤ੍ਰਿਤ ਅਤੇ ਬੁਨਿਆਦੀ ਜਾਣਕਾਰੀ ਦੇਣਾ ਹੈ। ਵਧੇਰੇ ਜਾਣਕਾਰੀ ਲਈ ਤੁਸੀਂ ਸੇਬੀ, ਬੀਐਸਈ, ਐਨਐਸਈ, ਐਸਡੀਐਲ ਅਤੇ ਸੀਡੀਐਸਐਲ ਦੀਆਂ ਵੇਬਸਾਈਟਾਂ ਉਤੇ ਜਾ ਕੇ ਦੇਖ ਸਕਦੇ ਹੋ।

ਐਫਏਕਿਉ ਅਤੇ ਔਨਲਾਈਨ ਜਾਣਕਾਰੀ ਹੇਠ ਲਿਖਿਤ ਵੇਬਸਾਈਟ ਉਤੇ ਉਪਲਬੱਧ ਹੈ :

ਵੇਬਸਾਈਟ :www.sebi.gov.in

ਨਿਵੇਸ਼ਕ (ਇੰਵੇਸਟਰ) ਵੇਬਸਾਈਟ :http://investor.sebi.gov.in

ਵੇਬਸਾਈਟ :www.bseindia.com

ਵੇਬਸਾਈਟ :www.nseindia.com

ਵੇਬਸਾਈਟ :www.nsdl.co.in

ਵੇਬਸਾਈਟ :www.cdslindia.com

ਵੇਬਸਾਈਟ :www.msei. in

Back Page

**ਭਾਰਤੀ ਸਿਕਉਰਿਟੀਜ਼ ਅਤੇ ਵਟਾਂਦਰਾ ਬੋਰਡ (ਸੇਬੀ)**

ਪਲਾਟ ਨੰ. ਸੀ4-ਏ, 'ਜੀ' ਬਲਾਕ, ਬਾਂਦਰਾ ਕੁਰਲਾ ਕੌਮਪਲੈਕਸ,

ਬਾਂਦਰਾ (ਪੂਰਬੀ), ਮੁੰਬਈ-400051

ਟੇਲੀਫੋਨ : +91-22-26449000/ 40459000।

ਵੇਬਸਾਈਟ: https://www/sebi/gov.in

ਨਿਵੇਸ਼ਕ ਵੇਬਸਾਈਟ : http://investor.sebi.gov.in

ਇੰਟਰਐਕਟਿਵ ਵੁਆਇਸ ਰਿਸਪੌਂਸ ਸਿਸਟਮ(ਆਈਵੀਆਰਐਸ) :

ਟੇਲੀਫੋਨਨੰ :+ 91-22-26449950/ 40459950

ਟੌਲ ਫਰੀ ਇੰਵੇਸਟਰ ਹੈਲਪਲਾਈਨ : 1800 22 7575 ਅਤੇ

1800 266 7575

ਨਿਵੇਸ਼ਕਾਂ ਦੀ ਸ਼ਿਕਾਇਤ ਲਈ : http://scores.sebi.gov.in

**ਬੀਐਸਈ ਲਿ.**

25 ਮੰਜ਼ਿਲ, ਪੀ.ਜੇ.ਟਾਵਰਜ਼, ਦਲਾਲ ਸਟਰੀਟ, ਫੋਰਟ,

ਮੁੰਬਈ-400 001

ਟੇਲੀਫੋਨ ਨੰ : 022 22721233 / 34

ਵੇਬਸਾਈਟ :www.bseindia.com

ਈਮੇਲ ਆਈਡੀ : is@bseindia.com

**ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿ.**

ਐਕਸਚੇਂਜ ਪਲਾਜਾ, ਸੀ-1, ਬਲਾਕ ਜੀ

ਬਾਂਦਰਾ ਕੁਰਲਾ ਕੌਮਪਲੈਕਸ, ਬਾਂਦਰਾ (ਪੂਰਬੀ),

ਮੁੰਬਈ- 400 051

ਟੈਲੀਫੋਨ ਨੰ : (022) 26598100- 8114

ਫੈਕਸ ਨੰ.: (022) 26598120

**ਨੈਸ਼ਨਲ ਸਿਕਓਰਿਟੀਜ਼ ਡਿਪੋਜ਼ਿਟਰੀ ਲਿ.**

ਟਰੇਡ ਵਰਲਡ, 'ਏ' ਵਿੰਗ

4 ਅਤੇ 5ਵੀਂ ਮੰਜ਼ਿਲ, ਕਮਲਾ ਮਿਲਸ ਕੰਪਾਊਂਡ,

ਲੋਅਰ ਪਰੇਲ, ਮੁੰਬਈ- 400 013

ਟੇਲੀਫੋਨ ਨੰ : (022) 2499 4200, ਫੈਕਸ ਨੰ : (022) 2497 6351

ਨਿਵੇਸ਼ਕ ਹੈਲਪਲਾਈਨ ਨੰ : 1800 22 990

ਵੇਬਸਾਈਟ :www.nsdl.co.in

**ਸੇਂਟਰਲ ਡਿਪੋਜ਼ਿਟਰੀ ਸਰਵਿਸਜ਼ (ਇੰਡੀਆ) ਲਿ.**

ਮੈਰੇਥਾਨ ਫਯੂਚਰੇਕਸ, 'ਏ' ਵਿੰਗ, 25ਵੀਂ ਮੰਜ਼ਿਲ

ਮਫਤਲਾਲ ਮਿਲਸ ਕੰਪਾਊਂਡ

ਐਨ.ਐਮ. ਜੋਸ਼ੀ ਮਾਰਗ, ਲੋਅਰ ਪਰੇਲ (ਪੂਰਬੀ),

ਮੁੰਬਈ - 400 013

ਟੋਲ ਫਰੀ ਹੈਲਪਲਾਈਨ : 1800 200 5533

ਵੇਬਸਾਈਟ :www.cdslindia.com

**ਮੈਟਰੋਪੋਲਿਟਨ ਸਟਾਕ ਐਕਸਚੇਂਜ ਆਫ ਇੰਡੀਆ ਲਿ.**

ਵਿਬਗਿਯੋਰ ਟਾਵਰਜ਼, ਚੌਥੀ ਮੰਜ਼ਿਲ

ਪਲਾਟ ਨੰ. ਸੀ-62, ਟਰੀਡੇਂਟ ਹੋਟਲ ਦੇ ਸਾਹਮਣੇ,

ਬਾਂਦਰਾ ਕੁਰਲਾ ਕੌਮਪਲੈਕਸ, ਬਾਂਦਰਾ (ਪੂਰਬੀ) , ਮੁੰਬਈ- 400 098

ਦਫਤਰੀ ਟੇਲੀਫੋਨ ਨੰ : +91 22 6112 9000

ਮੁਫ਼ਤ ਪ੍ਰਸਾਰ ਲਈ